
ਐਤਵਾਰ ਸਪੈਸ਼ਲ

ਲੋਕ ਬਾਣੀ

ਐਤਵਾਰ, 21 ਜੁਲਾਈ 2024

# ਇਨ੍ਹਾਂ 7 ਬੁਰੀਆਂ ਆਦਤਾਂ ਕਾਰਨ ਤੁਸੀਂ ਵੀ ਹੋ ਸਕਦੇ ਹੋ ਕੈਂਸਰ ਦਾ ਸ਼ਿਕਾਰ, ਅੱਜ ਹੀ ਸੁਧਾਰੋ





ਲਾਈਫਸਟਾਈਲ ਡੈਸਕ, ਨਵੀਂ ਦਿੱਲੀ :ਕੈਂਸਰ: ਕੈਂਸਰ ਇੱਕ ਘਾਤਕ ਬਿਮਾਰੀ ਹੈ, ਜਿਸ ਕਾਰਨ ਹਰ ਸਾਲ ਲੱਖਾਂ ਲੋਕ ਆਪਣੀ ਜਾਨ ਗੁਆ ਲੈਂਦੇ ਹਨ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ, ਸਾਲ 2020 ਵਿੱਚ, ਲਗਪਗ 1 ਕਰੋੜ ਜਾਨਾਂ ਇਕੱਲੇ ਕੈਂਸਰ ਕਾਰਨ ਚਲੀਆਂ ਗਈਆਂ। ਕੈਂਸਰ ਦੇ ਮਾਮਲੇ ਵੀ ਤੇਜ਼ੀ ਨਾਲ ਵੱਧ ਰਹੇ ਹਨ। ਇਕ ਰਿਪੋਰਟ ਮੁਤਾਬਕ ਸਾਲ 2050 ਤੱਕ ਕੈਂਸਰ ਦੇ ਮਾਮਲੇ 77 ਫੀਸਦੀ ਤੱਕ ਵਧ ਸਕਦੇ ਹਨ। ਇਸ ਲਈ ਕੈਂਸਰ ਨੂੰ ਰੋਕਣਾ ਬਹੁਤ ਜ਼ਰੂਰੀ ਹੈ।

ਹਾਲਾਂਕਿ ਅਜੇ ਵੀ ਲੋਕਾਂ ਵਿੱਚ ਕੈਂਸਰ ਬਾਰੇ ਜਾਣਕਾਰੀ ਦੀ ਬਹੁਤ ਘਾਟ ਹੈ। ਕੈਂਸਰ ਦੇ ਕਾਰਨਾਂ ਬਾਰੇ ਬਹੁਤ ਸੀਮਤ ਜਾਣਕਾਰੀ ਹੋਣ ਕਾਰਨ ਇਸ ਨੂੰ ਰੋਕਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਕੈਂਸਰ ਦੇ ਜੋਖਮ ਦੇ ਕਾਰਕਾਂ ਵਿੱਚ ਸਾਡੀ ਜੀਵਨ ਸ਼ੈਲੀ ਨਾਲ ਸਬੰਧਤ ਕੁਝ ਆਦਤਾਂ ਵੀ ਸ਼ਾਮਲ ਹੋ ਸਕਦੀਆਂ ਹਨ। ਇਸ ਲਈ ਅੱਜ ਅਸੀਂ ਤੁਹਾਨੂੰ ਕੁਝ ਅਜਿਹੀਆਂ ਆਦਤਾਂ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਨੂੰ ਸੁਧਾਰ ਕੇ ਕੈਂਸਰ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ। ਆਓ ਜਾਣਦੇ ਹਾਂ ਕਿਹੜੀਆਂ ਹਨ ਉਹ ਆਦਤਾਂ।

ਅਸੀਂ ਜਾਣਦੇ ਹਾਂ ਕਿ ਅਕਿਰਿਆਸ਼ੀਲ ਜੀਵਨ ਸ਼ੈਲੀ ਕਾਰਨ ਦਿਲ ਦੀਆਂ ਬਿਮਾਰੀਆਂ ਅਤੇ ਮੋਟਾਪੇ ਦਾ ਖ਼ਤਰਾ ਵੱਧ ਜਾਂਦਾ ਹੈ, ਪਰ ਇਸ ਕਾਰਨ ਕਈ ਤਰ੍ਹਾਂ ਦੇ ਕੈਂਸਰ ਦਾ ਖ਼ਤਰਾ ਵੀ ਵੱਧ ਜਾਂਦਾ ਹੈ, ਜਿਸ ਵਿੱਚ ਛਾਤੀ ਦਾ ਕੈਂਸਰ ਅਤੇ ਕੋਲੋਰੈਕਟਲ ਕੈਂਸਰ ਵੀ ਸ਼ਾਮਲ ਹੈ। ਇਸ ਲਈ, ਵਿਅਕਤੀ ਨੂੰ ਬੈਠਣ ਵਾਲੀ ਜੀਵਨ ਸ਼ੈਲੀ ਨੂੰ ਖਤਮ ਕਰਨਾ ਚਾਹੀਦਾ ਹੈ ਅਤੇ ਸਰੀਰਕ ਤੌਰ 'ਤੇ ਕਿਰਿਆਸ਼ੀਲ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਦੇ ਲਈ ਹਰ ਰੋਜ਼ ਕੁਝ ਸਮਾਂ ਕਸਰਤ ਕਰੋ। ਇਹ ਨਾ ਸਿਰਫ ਸਿਹਤਮੰਦ ਦਿਲ ਅਤੇ ਭਾਰ ਘਟਾਉਣ ਵਿਚ ਮਦਦ ਕਰਦਾ ਹੈ ਬਲਕਿ ਕੈਂਸਰ ਦੇ ਜੋਖਮ ਨੂੰ ਘਟਾਉਣ ਵਿਚ ਵੀ ਮਦਦ ਕਰਦਾ ਹੈ।

ਕੋਲਡ ਡ੍ਰਿੰਕ ਸਰੀਰ ਨੂੰ ਬਣਾ ਸਕਦੇ ਹਨ ਬਿਮਾਰੀਆਂ ਦਾ ਘਰ, ਗਰਮੀ ਦੇ ਮੌਸਮ 'ਚ ਇਨ੍ਹਾਂ ਸਿਹਤਮੰਦ ਆਪਸ਼ਨਾਂ ਨਾਲ ਬਦਲੋਕੋਲਡ ਡ੍ਰਿੰਕ ਸਰੀਰ ਨੂੰ ਬਣਾ ਸਕਦੇ ਹਨ ਬਿਮਾਰੀਆਂ ਦਾ ਘਰ, ਗਰਮੀ ਦੇ ਮੌਸਮ 'ਚ ਇਨ੍ਹਾਂ ਸਿਹਤਮੰਦ ਆਪਸ਼ਨਾਂ ਨਾਲ ਬਦਲੋ

ਚੀਨੀ ਜਿੰਨੀ ਮਿੱਠੀ ਸੁਆਦ ਹੋਵੇ, ਇਸ ਦੇ ਸਾਡੀ ਸਿਹਤ ਲਈ ਕੌੜੇ ਨਤੀਜੇ ਹੋ ਸਕਦੇ ਹਨ। ਖੰਡ ਦੀ ਜ਼ਿਆਦਾ ਮਾਤਰਾ ਦੇ ਕਾਰਨ ਕੈਂਸਰ ਦਾ ਖ਼ਤਰਾ ਕਾਫ਼ੀ ਵੱਧ ਜਾਂਦਾ ਹੈ। ਖੰਡ ਦੀ ਜ਼ਿਆਦਾ ਮਾਤਰਾ ਕਾਰਨ, ਸਰੀਰ ਵਿੱਚ ਸੋਜਸ਼ ਵਧ ਜਾਂਦੀ ਹੈ, ਜੋ ਫ੍ਰੀ ਰੈਡੀਕਲ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਸੈੱਲਾਂ ਨੂੰ ਇਸ ਨੁਕਸਾਨ ਕਾਰਨ ਕੈਂਸਰ ਦਾ ਖ਼ਤਰਾ ਕਾਫ਼ੀ ਵੱਧ ਜਾਂਦਾ ਹੈ। ਇਸ ਲਈ ਆਪਣੇ ਭੋਜਨ 'ਚ ਸ਼ੂਗਰ ਦੀ ਮਾਤਰਾ ਨੂੰ ਕੰਟਰੋਲ ਕਰੋ। ਜੇਕਰ ਸੰਭਵ ਹੋਵੇ, ਤਾਂ ਤੁਸੀਂ ਰਿਫਾਇੰਡ ਸ਼ੂਗਰ ਦੀ ਬਜਾਏ ਗੁੜ ਵਰਗੇ ਮਿੱਠੇ ਦੀ ਵਰਤੋਂ ਕਰ ਸਕਦੇ ਹੋ।

ਖੁਰਾਕ ਵਿੱਚ ਲਾਲ ਜਾਂ ਪ੍ਰੋਸੈਸਡ ਮੀਟ ਦੀ ਜ਼ਿਆਦਾ ਮਾਤਰਾ ਨੂੰ ਸ਼ਾਮਲ ਕਰਨਾ ਕੈਂਸਰ ਨੂੰ ਸੱਦਾ ਦੇ ਸਕਦਾ ਹੈ। ਇਨ੍ਹਾਂ ਵਿਚ ਮੌਜੂਦ ਮਿਸ਼ਰਣ, ਜਿਵੇਂ ਕਿ ਨਾਈਟ੍ਰਾਈਟਸ, ਸਾਡੇ ਪੇਟ ਨੂੰ ਬਹੁਤ ਨੁਕਸਾਨ ਪਹੁੰਚਾ ਸਕਦੇ ਹਨ। ਇਸ ਕਾਰਨ ਪੇਟ ਦੇ ਕੈਂਸਰ ਅਤੇ ਕੋਲੋਰੈਕਟਲ ਕੈਂਸਰ ਦਾ ਖਤਰਾ ਕਾਫੀ ਵੱਧ ਜਾਂਦਾ ਹੈ। ਇਸ ਲਈ, ਆਪਣੀ ਖੁਰਾਕ ਵਿੱਚ ਪ੍ਰੋਟੀਨ ਦੇ ਹੋਰ ਸਰੋਤਾਂ ਨੂੰ ਸ਼ਾਮਲ ਕਰੋ ਅਤੇ ਰੈੱਡ ਮੀਟ ਜਾਂ ਪ੍ਰੋਸੈਸਡ ਮੀਟ ਦੀ ਮਾਤਰਾ ਨੂੰ ਨਿਯੰਤਰਿਤ ਕਰੋ।

ਜ਼ਿਆਦਾ ਭਾਰ ਹੋਣ ਕਾਰਨ ਕੈਂਸਰ ਦਾ ਖਤਰਾ ਕਾਫੀ ਵੱਧ ਜਾਂਦਾ ਹੈ। ਇਸ ਕਾਰਨ ਛਾਤੀ ਦੇ ਕੈਂਸਰ, ਪੈਨਕ੍ਰੀਆਟਿਕ ਕੈਂਸਰ ਅਤੇ ਕੋਲੋਰੈਕਟਲ ਕੈਂਸਰ ਦਾ ਖ਼ਤਰਾ ਕਾਫ਼ੀ ਵੱਧ ਜਾਂਦਾ ਹੈ। ਇਸ ਲਈ ਭਾਰ ਘਟਾਉਣ ਲਈ ਸਿਹਤਮੰਦ ਖੁਰਾਕ ਅਤੇ ਕਸਰਤ ਆਦਿ ਦਾ ਸਹਾਰਾ ਲਓ।

ਤੰਬਾਕੂ ਉਤਪਾਦਾਂ ਦੀ ਵਰਤੋਂ ਕਰਨ ਨਾਲ ਫੇਫੜਿਆਂ ਦੇ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ, ਪਰ ਗੱਲ ਇੱਥੇ ਹੀ ਖਤਮ ਨਹੀਂ ਹੁੰਦੀ। ਤੰਬਾਕੂ ਅਤੇ ਸ਼ਰਾਬ ਦੇ ਸੇਵਨ ਨਾਲ ਸਿਰ ਅਤੇ ਗਰਦਨ ਦੇ ਕੈਂਸਰ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਸ਼ਰਾਬ ਵੀ ਜਿਗਰ ਦੀਆਂ ਬਿਮਾਰੀਆਂ, ਜਿਵੇਂ ਕਿ ਜਿਗਰ ਦੇ ਕੈਂਸਰ ਦੇ ਜੋਖਮ ਨੂੰ ਵਧਾਉਂਦੀ ਹੈ। ਇਸ ਲਈ ਤੰਬਾਕੂ ਅਤੇ ਸ਼ਰਾਬ ਤੋਂ ਵੱਧ ਤੋਂ ਵੱਧ ਦੂਰੀ ਬਣਾ ਕੇ ਰੱਖੋ।



ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ 99155-94111

ਸੱਚ ਤੇ ਨਿਡਰ ਆਵਾਜ਼


ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਐਤਵਾਰ, 21 ਜੁਲਾਈ 2024

**ਅੱਜ ਦਾ ਸ਼ੁਭ ਵਿਚਾਰ**



ਜਿਸ ਕਿਸੇ ਨੇ ਵੀ ਜ਼ਿੰਦਗੀ ਦੇ ਸਫਰ ਵਿੱਚ ਕਿਸੇ ਵੀ ਵੇਲੇ ਤੁਹਾਡੀ ਮੱਦਦ ਕੀਤੀ ਹੈ, ਹਮੇਸ਼ਾ ਉਨ੍ਹਾਂ ਦੇ ਧੰਨਵਾਦੀ ਰਹੋ ਅਤੇ ਉਨ੍ਹਾਂ ਦੀ ਕਿਰਪਾ ਦਾ ਅਹਿਸਾਨ ਚੁਕਾਉਣ ਦੀ ਕੋਸ਼ਿਸ਼ ਜ਼ਰੂਰ ਕਰੋ ।

ਹਰਜਿੰਦਰ ਕੌਰ ਕਾਤਰੋਂ

ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 * ਸਾਲ 16 , * ਅੰਕ : 48, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਕੈਨੇਡਾ/ਯੂ. ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
easyvisa | 8194828282

## 1000 ਹਜ਼ਾਰ ਭਾਰਤੀ ਵਿਦਿਆਰਥੀ ਬੰਗਲਾਦੇਸ਼ ਤੋਂ ਭਾਰਤ ਪਰਤੇ

(ਲੋਕ ਬਾਣੀ) / ਦਿੱਲੀ

ਬੰਗਲਾਦੇਸ਼ ਵਿਚ ਹਿੰਸਕ ਪ੍ਰਦਰਸ਼ਨਾਂ ਦੇ ਚਲਦਿਆਂ ਲਗਭਗ 1000 ਭਾਰਤੀ ਵਿਦਿਆਰਥੀ ਭਾਰਤ ਪਰਤ ਆਏ ਹਨ। ਵਿਦੇਸ਼ ਮੰਤਰਾਲੇ ਨੇ ਸ਼ਨੀਵਾਰ ਨੂੰ ਕਿਹਾ ਕਿ ਉਨ੍ਹਾਂ ਵੱਲੋਂ ਹਵਾਬਾਜ਼ੀ, ਇਮੀਗ੍ਰੇਸ਼ਨ, ਬੰਦਰਗਾਹਾਂ ਅਤੇ ਬੀਐੱਸਐੱਫ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ ਤਾਂ ਜੋ ਭਾਰਤੀ ਨਾਗਰਿਕ ਸੁਰੱਖਿਅਤ ਘਰ ਪਹੁੰਚ ਸਕਣ। ਜਾਣਕਾਰੀ ਅਨੁਸਾਰ ਲਗਭਗ 778 ਭਾਰਤੀ ਵਿਦਿਆਰਥੀ ਵੱਖ-ਵੱਖ ਬੰਦਰਗਾਹਾਂ ਰਾਹੀਂ ਭਾਰਤ ਪਰਤੇ ਹਨ ਜਦੋਂ ਕਿ 200 ਦੇ ਕਰੀਬ



ਵਿਦਿਆਰਥੀ ਢਾਕਾ ਅਤੇ ਚਟਗਾਂਵ ਹਵਾਈ ਅੱਡਿਆਂ ਤੋਂ ਨਿਯਮਿਤ ਉਡਾਣ ਸੇਵਾਵਾਂ ਰਾਹੀਂ ਘਰ ਪਰਤ ਆਏ ਹਨ। ਢਾਕਾ ਵਿੱਚ ਭਾਰਤੀ ਹਾਈ ਕਮਿਸ਼ਨ ਅਤੇ ਚਟਗਾਂਵ, ਰਾਜਸ਼ਾਹੀ, ਸਿਲਹਟ ਅਤੇ ਖੁਲਨਾ ਵਿੱਚ ਸਹਾਇਕ ਹਾਈ ਕਮਿਸ਼ਨ ਵੱਲੋਂ ਭਾਰਤੀ ਨਾਗਰਿਕਾਂ ਦੀ ਵਤਨ ਵਾਪਸੀ ਵਿੱਚ ਸਹਾਇਤਾ ਕੀਤੀ ਜਾ ਰਹੀ ਹੈ।

## ਮਹਾਰਾਸ਼ਟਰ ਚ ਮਰਾਠਾ ਰਾਖਵੇਂਕਰਨ ਲਈ ਕਰਾਂਗੇ ਨਹੀਂ ਜਰਾਂਗੇ ਵਲੋਂ ਕੀਤੀ ਗਈ ਭੁੱਖ ਹੜਤਾਲ ਸ਼ੁਰੂ

(ਲੋਕ ਬਾਣੀ) /ਜਾਲਨਾ

ਮਰਾਠਾ ਰਾਖਵੇਂਕਰਨ ਦੇ ਮੁੱਦਈ ਮਨੋਜ ਜਰਾਂਗੇ ਨੇ ਮਹਾਰਾਸ਼ਟਰ ਦੇ ਜਾਲਨਾ ਜ਼ਿਲ੍ਹੇ 'ਚ ਸ਼ਨਿਚਰਵਾਰ ਨੂੰ ਮੁੜ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਸ਼ੁਰੂ ਕੀਤੀ ਹੈ। ਜ਼ਿਲ੍ਹੇ ਦੇ ਅੰਦਰਵਲੀ ਸਰਾਤੀ ਪਿੰਡ 'ਚ ਭੁੱਖ ਹੜਤਾਲ ਸ਼ੁਰੂ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕਦਮ ਇਸ ਲਈ ਚੁੱਕਣਾ ਪਿਆ ਹੈ ਕਿਉਂਕਿ ਮਹਾਰਾਸ਼ਟਰ ਸਰਕਾਰ ਰਾਖਵਾਂਕਰਨ ਮੁੱਦੇ 'ਤੇ ਵਾਅਦਾ ਨਿਭਾਉਣ 'ਚ ਨਾਕਾਮ ਰਹੀ ਹੈ। ਇਸ ਤੋਂ ਪਹਿਲਾਂ ਜਰਾਂਗੇ ਨੇ ਰਾਖਵੇਂਕਰਨ ਦੇ ਮੁੱਦੇ 'ਤੇ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਸ਼ੁਰੂ ਕਰਨ ਦੇ ਛੇ ਦਿਨ ਬਾਅਦ ਹੀ ਉਸ ਨੂੰ ਟਾਲ ਦਿੱਤਾ



ਸੀ ਅਤੇ ਸਰਕਾਰ ਨੂੰ ਮਰਾਠਾ ਭਾਈਚਾਰੇ ਦੀ ਮੰਗ ਮੰਨਣ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਸੀ। ਉਨ੍ਹਾਂ ਕਿਹਾ ਕਿ 29 ਅਗਸਤ ਨੂੰ ਇਕ ਅਹਿਮ ਮੀਟਿੰਗ ਹੋਵੇਗੀ ਜਿਸ 'ਚ ਮਰਾਠੇ ਤੈਅ ਕਰਨਗੇ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਲੜੀਆਂ ਜਾਣ ਜਾਂ ਨਹੀਂ।

## ਤਿੰਨ ਹੋਰ ਵਿਅਕਤੀਆਂ ਨੂੰ ਨੀਟ ਯੂ.ਜੀ ਪੇਪਰ ਲੀਕ ਮਾਮਲੇ ਵਿੱਚ ਕੀਤਾ ਗਿਆ ਗ੍ਰਿਫਤਾਰ

(ਲੋਕ ਬਾਣੀ) / ਦਿੱਲੀ

ਸੀ.ਬੀ.ਆਈ. ਨੇ ਨੀਟ-ਯੂ.ਜੀ. ਪੇਪਰ ਲੀਕ ਮਾਮਲੇ ਵਿਚ ਐਨ. ਆਈ.ਟੀ. ਗ੍ਰੈਜੂਏਟ ਅਤੇ 2 ਐਮ.ਬੀ.ਬੀ.ਐਸ. ਵਿਦਿਆਰਥੀ ਕਾਬੂ ਕੀਤੇ ਹਨ। ਸੀ.ਬੀ.ਆਈ. ਨੇ ਸ਼ਨੀਵਾਰ ਨੂੰ ਪੇਪਰ ਲੀਕ ਮਾਮਲੇ ਵਿਚ ਐਨ.ਆਈ.ਟੀ.-ਜਮਸ਼ੇਦਪੁਰ ਦੇ ਇਕ ਬੀ.ਟੈੱਕ ਗ੍ਰੈਜੂਏਟ ਮਾਸਟਰਮਾਈਂਡ ਵਿਚੋਂ ਇਕ ਨੂੰ ਗ੍ਰਿਫ਼ਤਾਰ ਕੀਤਾ ਹੈ। 2 ਐਮ.ਬੀ.ਬੀ.ਐਸ. ਵਿਦਿਆਰਥੀ ਹਨ ਜਿਨ੍ਹਾਂ ਨੇ ਕਥਿਤ ਤੌਰ ਤੇ



ਸੋਲਵਰ ਵਜੋਂ ਕੰਮ ਕੀਤਾ। ਉਨ੍ਹਾਂ ਕਿਹਾ ਕਿ ਤਾਜ਼ਾ ਗ੍ਰਿਫਤਾਰੀਆਂ ਨਾਲ, ਕਥਿਤ ਬੇਨਿਯਮੀਆਂ ਨਾਲ ਸੰਬੰਧਿਤ ਛੇ ਮਾਮਲਿਆਂ ਵਿਚ ਏਜੰਸੀ ਦੁਆਰਾ ਫੜੇ ਗਏ ਲੋਕਾਂ ਦੀ ਕੁੱਲ ਗਿਣਤੀ ਹੁਣ 21 ਤੱਕ ਪਹੁੰਚ ਗਈ ਹੈ।

## ਕੇਜਰੀਵਾਲ ਦੇ ਜੇਲ੍ਹ ਜਾਣ ਤੋਂ ਬਾਅਦ ਉਸਦੀ ਪਤਨੀ ਨੇ ਕੀਤਾ ਹਰਿਆਣਾ ਵਿੱਚ ਪੰਜ ਗਾਰੰਟੀਆ ਦਾ ਐਲਾਨ

(ਲੋਕ ਬਾਣੀ) / ਚੰਡੀਗੜ੍ਹ, ( ਵਿਨੋਦ ਸ਼ਰਮਾ)

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਹਰਿਆਣਾ ਲਈ ਕੇਜਰੀਵਾਲ ਦੀਆਂ 5 ਗਾਰੰਟੀਆਂ ਦਾ ਐਲਾਨ ਕੀਤਾ ਹੈ। ਇਨ੍ਹਾਂ ਗਾਰੰਟੀਆਂ 'ਚ ਮੁਫ਼ਤ ਬਿਜਲੀ, ਮੁਫ਼ਤ ਇਲਾਜ, ਮੁਫ਼ਤ ਸਿੱਖਿਆ ਅਤੇ ਹਰੇਕ ਮਹਿਲਾ ਨੂੰ ਇਕ ਹਜ਼ਾਰ ਰੁਪਏ ਦੇਣਾ ਸ਼ਾਮਲ ਹਨ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਅਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ। 'ਆਪ' ਨੇ ਹਰਿਆਣਾ



ਵਿਧਾਨ ਸਭਾ ਦੀਆਂ ਆਉਂਦੀਆਂ ਚੋਣਾਂ ਤੋਂ ਪਹਿਲਾਂ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਦੋ ਕੁ ਦਿਨ ਪਹਿਲਾਂ ਭਗਵੰਤ ਮਾਨ ਨੇ ਐਲਾਨ ਕੀਤਾ ਸੀ ਕਿ 'ਆਪ' ਹਰਿਆਣਾ ਦੀਆਂ ਸਾਰੀਆਂ 90 ਸੀਟਾਂ 'ਤੇ ਚੋਣ ਲੜੇਗੀ। ਉਨ੍ਹਾਂ 'ਬਦਲੇਂਗੇ ਹਰਿਆਣਾ ਕਾ ਹਾਲ, ਅਬ ਲਾਏਂਗੇ ਕੇਜਰੀਵਾਲ' ਦਾ ਨਾਅਰਾ ਦਿੱਤਾ ਸੀ।

## ਮੁੱਖ ਮੰਤਰੀ ਦੇ ਘਰ ਅੱਗੇ ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਵਾਲੇ ਕਰਣਗੇ ਪ੍ਰਦਰਸ਼ਨ

(ਲੋਕ ਬਾਣੀ) /ਚੰਡੀਗੜ੍ਹ, (ਵਿਨੋਦ ਸ਼ਰਮਾ)

ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਮੱਖਣ ਸਿੰਘ ਬੀਰ ਅਤੇ ਸੂਬਾ ਜਨਰਲ ਸਕੱਤਰ ਸੁਖਬੀਰ ਸਿੰਘ ਪਾਤੜਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਚ ਫੈਸਲਾ ਲਿਆ ਗਿਆ ਕਿ 28 ਜੁਲਾਈ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਮੀਟਿੰਗ ਦੌਰਾਨ ਵਿਚਾਰਿਆ ਕਿ ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਦੇ ਮਨਾਂ ਚ ਸਰਕਾਰ ਵਲੋਂ ਮੰਗਾਂ ਪੂਰੀਆਂ ਨਾ ਕਰਨ ਦਾ ਭਾਰੀ ਰੋਸ ਹੈ। ਮੀਟਿੰਗ ਚ ਸ਼ਾਮਲ ਯੂਨੀਅਨ



ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ ਯੂਨੀਅਨ ਦੀਆਂ ਦਰਜਨਾਂ ਪੈਨਲ ਮੀਟਿੰਗਾਂ ਹੋਣ ਦੇ ਬਾਵਜੂਦ ਵੀ ਹਕੂਮਤ ਕੁਝ ਵੀ ਪੱਲੇ ਨਹੀਂ ਪਾ ਰਹੀ। ਆਗੂਆਂ ਨੇ ਕਿਹਾ ਕਿ ਸੂਬੇ ਦੇ ਆਦਰਸ਼ ਸਕੂਲ ਦੇ ਕਰਮਚਾਰੀਆਂ ਦੀ ਹਾਲਤ ਨਿਗੂਣੀਆਂ ਤਨਖਾਹਾਂ ਮਿਲਣ ਕਰਕੇ ਅਤਿ ਤਰਸਯੋਗ ਬਣੀ ਹੋਈ ਹੈ

## ਪੰਜਾਬ ਵਿੱਚ ਫਿਰੌਤੀ ਲਈ ਬਦਮਾਸ਼ਾਂ ਨੇ ਕੀਤੀ ਹਵਾਈ ਫਾਈਰਿੰਗ

(ਲੋਕ ਬਾਣੀ) /ਮੁਹਾਲੀ

ਪੁਲੀਸ ਸਟੇਸ਼ਨ ਤੋਂ ਮਹਿਜ਼ 100 ਮੀਟਰ ਦੀ ਦੂਰੀ ਤੇ ਸਥਿਤ ਅਪੋਲੋ ਡਾਇਗੋਨਜ਼ ਸੈਂਟਰ ਦੇ ਬਾਹਰ ਮੋਟਰਸਾਈਕਲ 'ਤੇ ਆਏ ਬਦਮਾਸ਼ਾਂ ਨੇ ਦੋ ਹਵਾਈ ਫਾਇਰ ਕੀਤੇ। ਉਕਤ ਵਿਅਕਤੀ ਫਾਇਰ ਕਰਨ ਤੋਂ ਪਹਿਲਾਂ ਰਿਸੈਪਸ਼ਨ ਤੇ ਬੈਠੀ ਔਰਤ ਨੂੰ ਇਕ ਪਰਚੀ ਫੜਾ ਕੇ ਗਏ ਜਿਸ ਵਿੱਚ ਹਿੰਦੀ 'ਚ ਲਿਖਿਆ ਸੀ ਕਿ ਜੇਕਰ





ਆਪਣੀ ਸਲਾਮਤੀ ਚਾਹੁੰਦੇ ਹੋ ਤਾਂ ਇਸ ਨੰਬਰ ਤੇ ਛੇਤੀ ਸੰਪਰਕ ਕੀਤਾ ਕਰਨਾ, ਅੱਜ ਇਕ ਚੱਲੀ ਹੈ ਕੱਲ੍ਹ 101 ਚਲਣਗੀਆਂ। ਬਦਮਾਸ਼ਾਂ ਨੇ ਆਪਣੇ ਆਪ ਨੂੰ ਕੌਸ਼ਲ ਚੌਧਰੀ ਗੈਂਗ ਨਾਲ ਸੰਬਧਤ ਹੋਣ ਦੀ ਗੱਲ ਲਿਖੀ ਹੈ।

## ਪੰਜਾਬ ਦੇ ਹਵਾਈ ਅੱਡੇ ਤੋਂ ਔਰਤ ਨੂੰ ਲੱਖਾਂ ਦੇ ਸੋਨੇ ਸਮੇਤ ਕੀਤਾ ਗਿਆ ਕਾਬੂ

(ਲੋਕ ਬਾਣੀ) / ਅੰਮ੍ਰਿਤਸਰ

ਇਟਲੀ (ਮਿਲਾਨ) ਤੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਪੁੱਜੀ ਇਕ ਬਜ਼ੁਰਗ ਮਹਿਲਾ ਯਾਤਰੀ ਕੋਲੋਂ ਕਸਟਮ ਵਿਭਾਗ ਦੇ ਅਧਿਕਾਰੀਆਂ ਵਲੋਂ ਬਾਰੀਕੀ ਨਾਲ ਕੀਤੀ ਗਈ ਜਾਂਚ ਪੜਤਾਲ ਦੌਰਾਨ 672 ਗ੍ਰਾਮ ਸੋਨਾ ਬਰਾਮਦ ਕੀਤਾ ਗਿਆ, ਜਿਸ ਦੀ



ਬਾਜ਼ਾਰੀ ਕੀਮਤ 50 ਲੱਖ ਦੇ ਕਰੀਬ ਦੱਸੀ ਜਾ ਰਹੀ ਹੈ। ਕਸਟਮ ਵਿਭਾਗ ਵਲੋਂ ਸੋਨੇ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਯਾਤਰੀ ਉਤੇ ਕਾਨੂੰਨ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ।

## ਚਾਰ ਦੋਸ਼ੀਆਂ ਨੂੰ ਆੜ੍ਹਤੀ ਹਤਿਆ ਕਾਂਡ ਮਾਮਲੇ ਵਿੱਚ ਹੋਈ ਉਮਰਕੈਦ

(ਲੋਕ ਬਾਣੀ) / ਫਾਜ਼ਿਲਕਾ

ਆੜ੍ਹਤੀਏ ਨੂੰ ਅਗਵਾ ਕਰਕੇ ਹੱਤਿਆ ਕਰਨ ਦੇ ਮਾਮਲੇ ਵਿਚ ਫ਼ਾਜ਼ਿਲਕਾ ਜ਼ਿਲ੍ਹਾ ਅਦਾਲਤ ਵਲੋਂ 4 ਦੋਸ਼ੀਆਂ ਨੂੰ ਉਮਰ ਕੈਦ ਅਤੇ ਕਾਤਿਲਾਂ ਨੂੰ ਪਨਾਹ ਦੇਣ ਵਾਲੇ ਦੋ ਦੋਸ਼ੀਆਂ ਨੂੰ ਤਿੰਨ-ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਇਸ ਦੇ ਨਾਲ ਹੀ ਵੱਖ-ਵੱਖ ਧਾਰਾਵਾਂ ਤਹਿਤ ਜੁਰਮਾਨਾ ਲਗਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਮਾਮਲਾ 2019 ਦਾ ਹੈ, ਜਿਸ ਵਿਚ ਇਕ



ਆੜ੍ਹਤੀਏ ਨੂੰ ਅਗਵਾ ਕਰਕੇ ਉਸ ਦੇ ਪਰਿਵਾਰ ਕੋਲ 1 ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਸੀ।

## ਡੁੱਬ ਰਹੇ ਸਰਪੰਚ ਨੂੰ ਬਚਾਉਣ ਲਈ ਤਿੰਨ ਵਿਅਕਤੀਆਂ ਨੇ ਨਹਿਰ 'ਚ ਛਾਲ ਮਾਰੀ

(ਲੋਕ ਬਾਣੀ) / ਬਟਾਲਾ

ਇੱਥੋ ਥੋੜ੍ਹੀ ਦੂਰ ਕਸਬਾ ਅਲੀਵਾਲ ਸਥਿਤ ਅੱਪਰਬਾਰੀ ਦੋਆਬ ਨਹਿਰ (ਯੂਬੀਡੀਸੀ ) ਵਿਚ ਡੁੱਬ ਰਹੇ ਇਕ ਸਰਪੰਚ ਨੂੰ ਬਚਾਉਣ ਲਈ ਤਿੰਨ ਵਿਅਕਤੀਆਂ ਨੇ ਛਾਲ ਮਾਰ ਦਿੱਤੀ। ਜਾਣਕਾਰੀ ਅਨੁਸਾਰ ਅਲੀਵਾਲ ਦੀ ਯੂਬੀਡੀਸੀ ਦੀ ਲਾਹੌਰ ਬ੍ਰਾਂਚ ਵਿਚ ਨੇੜਲੇ ਪਿੰਡ ਭਰਥਵਾਲ ਦੇ ਸਰਪੰਚ ਰਣਜੀਤ ਸਿੰਘ ਭੁੱਲਰ ਸ਼ੁੱਕਰਵਾਰ ਸ਼ਾਮ ਨੂੰ ਆਪਣੇ ਖੇਤਾਂ ਵਿਚ ਕੰਮ ਕਰਨ ਉਪਰੰਤ ਨਹਿਰ ਵਿਚ ਨਹਾਉਣ ਦੌਰਾਨ ਡੂੰਘੇ ਪਾਣੀ ਵੱਲ ਜਾਣ



ਤੇ ਡੁੱਬ ਰਿਹਾ ਸੀ, ਉਸ ਨੂੰ ਬਚਾਉਣ ਲਈ ਤਿੰਨ ਵਿਅਕਤੀਆਂ ਨੇ ਨਹਿਰ ਵਿਚ ਛਾਲ ਮਾਰ ਦਿੱਤੀ। ਪਾਣੀ ਡੂੰਗਾ ਹੋਣ ਕਾਰਨ ਇਕ ਵਿਅਕਤੀ ਹੀ ਬਾਹਰ ਆ ਸਕਿਆ ਅਤੇ ਬਾਕੀ ਤਿੰਨ ਲਾਪਤਾ ਹੋ ਗਏ। ਗੋਤਾਖਰਾਂ ਵੱਲੋਂ ਤਿੰਨਾਂ ਦੀ ਭਾਲ ਕੀਤੀ ਜਾ ਰਹੀ ਹੈ।

# ਚੰਡੀਗੜ੍ਹ ਚ ਨੌਜਵਾਨ ਦੀ ਮੌਤ ਤੋਂ ਬਾਅਦ ਪ੍ਰਸ਼ਾਸਨ ਅਲਰਟ, ਬਿਜਲੀ ਵਿਭਾਗ ਦੇ ਦੋ ਮੁਲਾਜ਼ਮ ਮੁਅੱਤਲ



ਚੰਡੀਗੜ੍ਹ: ,(ਲੋਕ ਬਾਣੀ ) ਚੰਡੀਗੜ੍ਹ ਚ ਕਰੰਟ ਲੱਗਣ ਨਾਲ ਨੌਜਵਾਨ ਦੀ ਮੌਤ ਤੋਂ ਬਾਅਦ ਪ੍ਰਸ਼ਾਸਨ ਹਰਕਤ ਚ ਆ ਗਿਆ ਹੈ। ਚੰਡੀਗੜ੍ਹ ਦੇ ਪ੍ਰਸ਼ਾਸਕ ਅਤੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਖੁਦ ਮੌਕੇ ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਜਾਂਚ ਪੂਰੀ ਹੋਣ ਤੱਕ ਬਿਜਲੀ ਵਿਭਾਗ ਦੇ ਇੱਕ ਐਕਸੀਅਨ ਅਤੇ ਐਸਡੀਈ ਨੂੰ ਮੁਅੱਤਲ ਕਰ ਦਿੱਤਾ ਹੈ, ਹੁਣ ਇਸ ਮਾਮਲੇ ਵਿੱਚ ਸੀਸੀਟੀਵੀ ਸਾਹਮਣੇ ਆਇਆ ਹੈ ਕਿ ਬੁੱਧਵਾਰ ਨੂੰ ਜਿੰਮ ਤੋਂ ਬਾਹਰ ਨਿਕਲਦੇ ਹੀ ਕਿਵੇਂ ਮਯੰਕ ਨੂੰ ਇਸ ਬਿਜਲੀ ਦੇ ਖੰਭੇ ਨਾਲ ਟਕਰਾਇਆ।

# ਬਠਿੰਡਾ ਚ ਘਰੇਲੂ ਝਗੜੇ ਦੇ ਚਲਦਿਆਂ ਪਤੀ ਨੇ ਪਤਨੀ ਦਾ ਬੜੀ ਬੇਰਹਿਮੀ ਨਾਲ ਕੀਤਾ ਕਤਲ, ਮੌਕੇ ਤੇ ਹੀ ਮੌਤ, ਦੋ ਬੱਚਿਆਂ ਦੀ ਮਾਂ...



ਬਠਿੰਡਾ: ,(ਲੋਕ ਬਾਣੀ ) ਬਠਿੰਡਾ ਚ ਘਰੇਲੂ ਝਗੜੇ ਦੇ ਚਲਦਿਆਂ ਪਤੀ ਨੇ ਆਪਣੀ ਹੀ ਪਤਨੀ ਦਾ ਬੜੀ ਬੇਰਹਿਮੀ ਨਾਲ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਕਾਤਲ ਪਤੀ ਨੇ ਪਤਨੀ ਤੇ ਕੁਹਾੜੀ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਪਤਨੀ ਦੀ ਮੌਕੇ ਤੇ ਹੀ ਮੌਤ ਹੋ ਗਈ। ਮ੍ਰਿਤਕ ਔਰਤ ਦੀ ਪਛਾਣ ਹਰਮਨਪ੍ਰੀਤ ਕੌਰ ਵਜੋਂ ਹੋਈ ਹੈ। ਪੁਲਸ ਨੇ ਮੌਕੇ ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਚ ਲੈ ਲਿਆ। ਖੂਨ ਨਾਲ ਲੱਥਪੱਥ ਲਾਸ਼ ਨੂੰ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ ਗਿਆ ਹੈ।

ਪੁਲਿਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੁਲਜ਼ਮ ਦੀ ਪਛਾਣ ਮਨਦੀਪ ਸਿੰਘ ਵਜੋਂ ਹੋਈ ਹੈ। ਮਨਦੀਪ ਸਿੰਘ ਅਤੇ ਹਰਮਨਪ੍ਰੀਤ ਕੌਰ ਦਾ ਵਿਆਹ ਕਰੀਬ ਡੇਢ ਦਹਾਕਾ ਪਹਿਲਾਂ ਹੋਇਆ ਸੀ ਅਤੇ ਉਨ੍ਹਾਂ ਦੇ ਦੋ ਬੱਚੇ ਹਨ।

ਹਰਮਨਪ੍ਰੀਤ ਕੌਰ ਦੇ ਚਾਚੇ ਦੇ ਪੁੱਤਰ ਸਿਕੰਦਰ ਸਿੰਘ ਦਾ ਕਹਿਣਾ ਹੈ ਕਿ ਮੁਲਜ਼ਮ ਮਨਦੀਪ ਸਿੰਘ ਨੇ ਭੈਣ ਹਰਮਨਪ੍ਰੀਤ ਕੌਰ ਦਾ ਕੁਹਾੜੀ ਨਾਲ ਕਤਲ ਕਰ ਦਿੱਤਾ ਹੈ ਪਰ ਇਸ ਘਟਨਾ ਦੇ ਪਿੱਛੇ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਅਤੇ ਨਾ ਹੀ ਹਰਮਨਪ੍ਰੀਤ ਕੌਰ ਦੇ ਭਰਾ ਸਿਕੰਦਰ ਸਿੰਘ ਦੇ ਘਰੇਲੂ ਝਗੜੇ ਬਾਰੇ ਪਤਾ ਲੱਗਾ ਹੈ।ਥਾਣਾ ਕੋਟ ਫੱਤਾ ਦੇ ਸਬ ਇੰਸਪੈਕਟਰ ਕਰਮਜੀਤ ਸਿੰਘ ਨੇ ਦੱਸਿਆ ਕਿ ਹਰਮਨਪ੍ਰੀਤ ਕੌਰ ਦੇ ਪਤੀ ਮਨਦੀਪ ਸਿੰਘ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।ਉਸਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਪਾਣੀ ਦੀ ਵਾਰੀ ਪਿੱਛੇ ਪਿਓ-ਪੁੱਤ ਦਾ ਕਤਲ ਕਰਨ ਵਾਲੇ ਚੜ੍ਹੇ ਪੁਲਿਸ ਦੇ ਅੜਿੱਕੇ, 24 ਘੰਟਿਆਂ ਦੇ ਅੰਦਰ-ਅੰਦਰ ਤਿੰਨ ਮੁਲਜ਼ਮਾਂ ਨੂੰ ਕੀਤਾ ਗ੍ਰਿਫ਼ਤਾਰ

ਫਾਜ਼ਿਲਕਾ: ,(ਲੋਕ ਬਾਣੀ ) ਪਾਣੀ ਦੀ ਵਾਰੀ ਪਿੱਛੇ ਵੀਰਵਾਰ ਸ਼ਾਮ ਨੂੰ ਪਿਉ-ਪੁੱਤ ਦਾ ਕਤਲ ਕਰਨ ਵਾਲੇ ਕਥਿਤ ਦੋਸ਼ੀਆਂ ਨੂੰ ਪੁਲਿਸ ਨੇ 24 ਘੰਟਿਆਂ ਦੇ ਅੰਦਰ ਗ੍ਰਿਫਤਾਰ ਕਰਨ ਚ ਸਫਲਤਾ ਹਾਸਲ ਕੀਤੀ ਹੈ। ਥਾਣਾ ਅਰਨੀਵਾਲਾ ਅਧੀਨ ਪੈਂਦੇ ਪਿੰਡ ਪਾਕਾਂ ਵਿੱਚ ਵਾਪਰੀ ਇਸ ਘਟਨਾ ਵਿਚ ਪੁਲਿਸ ਵੱਲੋਂ ਕੁੱਲ ਚਾਰ ਜਣਿਆਂ ਨੂੰ ਨਾਮਜਦ ਕੀਤਾ ਗਿਆ ਸੀ। ਅੱਜ ਇੱਥੇ ਮਾਮਲੇ ਦੀ ਜਾਣਕਾਰੀ ਦਿੰਦਿਆਂ ਐਸ.ਐਸ.ਪੀ ਡਾ. ਪ੍ਰਗਿਆ ਜੈਨ ਨੇ ਦਸਿਆ ਕਿ ਡੀ.ਐਸ.ਪੀ. ਸਬ ਡਵੀਜਨ ਜਲਾਲਾਬਾਦ ਅੱਛਰੂ ਰਾਮ ਦੀ ਨਿਗਰਾਨੀ ਹੇਠ ਐਸ.ਆਈ ਗੁਰਿੰਦਰ ਸਿੰਘ ਮੁੱਖ ਅਫਸਰ ਥਾਣਾ ਅਰਨੀਵਾਲਾ ਵੱਲੋਂ ਪਿੰਡ ਪਾਕਾਂ ਵਿੱਚ ਵਿੱਚ ਜਮੀਨੀ ਵਿਵਾਦ ਨੂੰ ਲੈ ਕੇ ਕੀਤੇ ਗਏ ਪਿਓ ਪੁੱਤ ਦੇ



ਕਤਲ ਦੇ ਮਾਮਲੇ ਵਿੱਚ ਪੁਲਿਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ 24 ਘੰਟੇ ਦੇ ਅੰਦਰ ਅੰਦਰ ਤਿੰਨ ਦੋਸ਼ੀਆਂ ਨੂੰ ਕਾਬੂ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।ਇਸ ਸਬੰਧ ਵਿਚ ਮ੍ਰਿਤਕ ਅਵਤਾਰ ਸਿੰਘ ਦੀ ਪਤਨੀ ਸਰਬਜੀਤ ਕੌਰ ਵਾਸੀ ਢਾਣੀ ਪਿੰਡ ਪਾਕਾਂ ਦੇ ਬਿਆਨਾਂ ਉਪਰ ਅਨਮੋਲ ਸਿੰਘ ਉਰਫ ਮੋਲਾ ਪੁੱਤਰ ਬਲਵੀਰ ਸਿੰਘ, ਰਘੁਬੀਰ ਸਿੰਘ ਉਰਫ ਗੋਮਾ, ਪਲਵਿੰਦਰ ਸਿੰਘ ਉਰਫ ਪਿੰਦਾ ਅਤੇ ਬਲਵੀਰ ਸਿੰਘ ਉਰਫ ਬੀਰਾ ਵਿਰੁਧ ਮੁਕੱਦਮਾ ਨੰਬਰ 81 ਮਿਤੀ 19-07-2024 ਜੁਰਮ 103, 3(5) ਭਾਰਤੀ ਨਿਆਂ ਸੰਹਿਤਾ ਅਤੇ 25,27 ਅਸਲਾ ਐਕਟ ਤਹਿਤ ਕੇਸ ਦਰਜ਼ ਕੀਤਾ ਗਿਆ ਸੀ।

# ਫਾਜਿਲਕਾ ਪੁਲਿਸ ਨੇ ਪਿਛਲੇ 07 ਦਿਨਾਂ ਚ 13 ਨਸ਼ਾ ਤਸਕਰ ਕੀਤੇ ਕਾਬੂ,4.160 KG ਹੈਰੋਇਨ, 2 ਕਿਲੋ ਅਫੀਮ, ਹੋਰ ਨਸ਼ਿਆ ਸਮੇਤ 8 ਲੱਖ ਰੁਪਏ ਡਰੱਗ ਮਨੀ...

ਫਾਜ਼ਿਲਕਾ: ,(ਲੋਕ ਬਾਣੀ ) ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਾਜਿਲਕਾ ਦੀ ਅਗਵਾਈ ਹੇਠ ਫਾਜਿਲਕਾ ਪੁਲਿਸ ਵੱਲੋਂ ਨਸ਼ਿਆਂ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਜਿਸਦੇ ਤਹਿਤ ਵੱਖ ਵੱਖ ਪੁਲਿਸ ਪਾਰਟੀਆਂ ਵੱਲੋਂ ਪਿਛਲੇ 07 ਦਿਨਾਂ ਵਿੱਚ 4 ਕਿਲੋ 160 ਗਰਾਮ ਹੈਰੋਇਨ, 2 ਕਿਲੋ ਅਫੀਮ ਅਤੇ 50 ਕਿਲੋ ਪੋਸਤ ਅਤੇ 9500 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ 13 ਨਸ਼ਾ ਤਸਕਰ ਕੀਤੇ ਕਾਬੂ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।

(1) ਮੁਕੱਦਮਾ ਨੰਬਰ 143 ਮਿਤੀ 17—7—2024 ਜੁਰਮ 21ਸੀ,29/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ—1 ਅਬੋਹਰ, 1♥9 ਮਨਜੀਤ ਸਿੰਘ ਇੰਚਾਰਜ ਐਂਟੀ ਨਾਰਕੋਟਿਕ ਸੈਲ ਅਬੋਹਰ ਵੱਲੋਂ ਦਰਜ ਰਜਿਸਟਰ ਕਰਵਾਇਆ ਗਿਆ ਕਿ ਜਦ ਉਹ ਸਮੇਤ ਸਾਥੀ ਕਰਮਚਾਰੀਆ ਦੇ ਨਾਕਾਬੰਦੀ ਗਸਤ ਅਤੇ ਚੈਕਿੰਗ ਪੁਰਸਾਂ ਦੇ ਸਬੰਧ ਵਿੱਚ ਸਮੇਤ ਬੀ.ਐਸ.ਐਫ 55 ਬਟਾਲੀਅਨ ਦੇ ਕਰਮਚਾਰੀਆਂ, ਅਗਰਸੈਨ ਚੌਂਕ ਤੋਂ ਹਨੂੰਮਾਨਗੜ੍ਹ ਰੋਡ ਹੁੰਦੇ ਹੋਏ ਆਭਾ ਲਾਇਬਰੇਰੀ ਦੇ ਸਾਹਮਣੇ ਪੁੱਜੇ ਤਾਂ ਇੱਕ ਕਾਰ ◌ 10 ਨੰਬਰੀ 8♣-03 ”-5823 ਖੜੀ ਦਿਖੀ, ਜਿਸ ਵਿੱਚ ਚਾਰ ਨੌਜਵਾਨ ਹਿੱਲਜੁਲ ਕਰ ਰਹੇ ਸਨ, ਜਿਹਨਾਂ ਨੂੰ ਸ਼ੱਕ ਦੇ ਅਧਾਰ ਤੇ ਰੋਕ ਕੇ ਚੈਕ ਕੀਤਾ ਤਾਂ ਕਾਰ ਵਿੱਚੋਂ 01 ਕਿਲੋ 560 ਗਰਾਮ ਹੈਰੋਇਨ ਬਰਾਮਦ ਹੋਈ। ਜਿਸਤੇ ਪੁਲਿਸ ਪਾਰਟੀ ਵੱਲੋਂ ਚਾਰੋ ਦੋਸ਼ੀਆਂ ਨੂੰ ਕਾਬੂ ਕਰਕੇ ਬਰਾਮਦ ਹੋਈ ਹੈਰੋਇਨ ਅਤੇ ਕਾਰ ਨੂੰ ਕਬਜਾ ਪੁਲਿਸ ਵਿੱਚ ਲਿਆ ਗਿਆ। ਕਾਬੂ ਕੀਤੇ ਗਏ ਦੋਸ਼ੀਆਂ ਦੀ ਪਹਿਚਾਣ ਜਸਵਿੰਦਰ ਸਿੰਘ ਉਰਫ ਸੋਨੂੰ ਪੁੱਤਰ ਜੋਗਿੰਦਰ ਸਿੰਘ ਵਾਸੀ ਬੁਰਜ ਮੁਹਾਰ ਕਲੋਨੀ ਅਬੋਹਰ, ਅਮਨਪ੍ਰੀਤ ਸਿੰਘ ਉਰਫ ਡੌਲੀ ਪੁੱਤਰ ਬਲਵੀਰ ਸਿੰਘ ਵਾਸੀ ਨੂਰਸ਼ਾਹ ਉਰਫ ਵੱਲੇਸ਼ਾਹ ਉਤਾੜ ਥਾਣਾ ਸਦਰ ਫਾਜਿਲਕਾ, ਗੁਰਵਿੰਦਰ ਸਿੰਘ ਉਰਫ ਕਾਕਾ ਪੁੱਤਰ ਕੁਲਵੰਤ ਸਿੰਘ ਵਾਸੀ 6 $♥♣ ਅਨੂਪਗੜ੍ਹ, ਸ੍ਰੀ ਗੰਗਾਨਗਰ ਰਾਜਸਥਾਨ ਅਤੇ ਗੁਰਜੀਤ ਸਿੰਘ ਉਰਫ ਗੀਤੂ ਪੁੱਤਰ ਮੰਗਲ ਸਿੰਘ ਵਾਸੀ 927 ਅਨੂਪਗੜ੍ਹ ਸ੍ਰੀ ਗੰਗਾਨਗਰ ਰਾਜਸਥਾਨ ਵਜੋਂ ਹੋਈ। ਦੋਸ਼ੀਆਂ ਦੇ ਖਿਲਾਫ ਉਕਤ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਦੋਸ਼ੀਆਂ ਦੇ ਫਾਰਵਰਡ ਅਤੇ ਬੈਕਵਰਡ ਲਿੰਕਾਂ ਬਾਰੇ ਜਾਂਚ ਕਰਨ ਤੇ ਉਹਨਾਂ ਪਾਸੋਂ 08 ਲੱਖ ਰੁਪਏ ਦੀ ਡਰੱਗ ਮਨੀ ਅਤੇ ਇੱਕ ਟਰੈਕਟਰ ਨਿਊ ਹਾਂਲੈਂਡ ਸੇਮਤ ਟਰਾਲੀ ਬਰਾਮਦ ਕੀਤਾ ਗਿਆ ਹੈ। ਮੁਕੱਦਮੇ ਦੀ ਤਫਤੀਸ਼ ਜਾਰੀ ਹੈ।

(2) ਮੁਕੱਦਮਾ ਨੰਬਰ 107 ਮਿਤੀ 13—7—2024 ਜੁਰਮ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਜਲਾਲਾਬਾਦ ਏ.ਐਸ.ਆਈ ਬਲਕਾਰ ਸਿੰਘ ਵੱਲੋਂ ਗਸ਼ਤ ਅਤੇ ਚੈਕਿੰਗ ਸ਼ੱਕੀ ਪੁਰਸ਼ਾਂ ਦੌਰਾਨ ਦਰਜ ਰਜਿਸਟਰ ਕਰਵਾਇਆ ਗਿਆ ਕਿ ਜਦ ਉਹ ਸਮੇਤ ਪੁਲਿਸ ਪਾਰਟੀ ਫਾਜਿਲਕਾ—ਫਿਰੋਜਪੁਰ ਰੋਡ ਨੇੜੇ ਥਾਣਾ ਸਦਰ ਜਲਾਲਾਬਾਦ ਮੌਜੂਦ ਸੀ ਤਾਂ ਬਲਵਿੰਦਰ ਸਿੰਘ ਉਰਫ ਬੋਹੜਾ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਫੱਤੂ ਵਾਲਾ, ਬਲਜੀਤ ਸਿੰਘ ਉਰਫ ਕਾਲਾ ਪੁੱਤਰ ਰੇਸ਼ਮ ਸਿੰਘ ਅਤੇ ਅਸ਼ੋਕ ਸਿੰਘ ਉਰਫ ਗੋਸ਼ੀ ਪੁੱਤਰ ਬਲਵੀਰ ਸਿੰਘ ਵਾਸੀਆਨ ਮੁਹਾਰ ਜਮਸ਼ੇਰ ਥਾਣਾ ਸਦਰ ਫਾਜਿਲਕਾ ਦੇ ਖਿਲਾਫ ਮੁਖਬਰੀ ਮਿਲਣ ਤੇ ਉਹਨਾਂ ਨੂੰ ਬਾਹਮਣੀ ਵਾਲਾ ਟੀ—ਪੁਆਇੰਟ ਨੇੜੇ ਰਾਮਦਾਸ ਬੀ.ਐਡ ਕਾਲਜ ਜਲਾਲਾਬਾਦ ਪਾਸ ਮੋਟਰਸਾਈਕਲ ਨੰਬਰੀ ♦2 61—3—6784 ਸਮੇਤ ਕਾਬੂ ਕਰਕੇ ਉਹਨਾਂ ਦੇ ਕਬਜੇ



ਵਿੱਚੋਂ ਇੱਕ ਕਿਲੋ ਹੈਰੋਇਨ ਬਰਾਮਦ ਕੀਤੀ ਗਈ। ਜਿਹਨਾਂ ਦੇ ਖਿਲਾਫ ਉਕਤ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਦੌਰਾਨੇ ਤਫਤੀਸ਼ ਦੋਸ਼ੀਆਂ ਪਾਸੋਂ 1 ਕਿਲੋ 600 ਗਰਾਮ ਹੋਰ ਹੈਰੋਇਨ ਬਰਾਮਦ ਕੀਤੀ ਗਈ ਹੈ।

(3) ਮੁਕੱਦਮਾ ਨੰਬਰ 81 ਮਿਤੀ 18—7—2024 ਜੁਰਮ 18,29/61/85 ਐਨ.ਡੀ.ਪੀ.ਐਸ ਐਕਟ ਥਾਣਾ ਬਹਾਵਵਾਲਾ ਦਰਜ ਰਜਿਸਟਰ ਕੀਤਾ ਗਿਆ ਕਿ ਜਦ 1♥9 ਮਨਜੀਤ ਸਿੰਘ ਇੰਚਾਰਜ ਐਂਟੀ ਨਾਰਕੋਟਿਕ ਸੈਲ ਅਬੋਹਰ ਸਮੇਤ ਸਾਥੀ ਕਰਮਚਾਰੀਆ ਦੇ ਨਾਕਾਬੰਦੀ ਗਸਤ ਅਤੇ ਚੈਕਿੰਗ ਪੁਰਸਾਂ ਦੇ ਸਬੰਧ ਵਿੱਚ ਡਿਫੈਸ ਰੋਡ ਸੀਤੋ ਗੁੰਨੋ ਦੋਦੇਵਾਲਾ ਮੌਜੂਦ ਸੀ ਤੇ ਰਾਜਸਥਾਨ ਮਟੀਲੀ ਵਲੋ ਇੱਕ ਕਾਰ ਨੰਬਰ ♦2-75♠-4229 ਮਾਰਕਾ ਸਕੌਡਾ ਰੰਗ ਸਿਲਵਰ ਆ ਰਹੀ ਸੀ। ਜਿਸ ਨੂੰ ਚੈਕਿੰਗ ਲਈ ਰੋਕ ਕੇ ਤਲਾਸ਼ੀ ਕੀਤੀ ਤਾਂ ਗੱਡੀ ਵਿੱਚੋਂ 2 ਕਿਲੋ 40 ਗਰਾਮ ਅਫੀਮ ਬਰਾਮਦ ਹੋਈ। ਜਿਸਤੇ ਗੱਡੀ ਚਾਲਕ ਅਤੇ ਉਸਦੇ ਸਾਥੀ ਨੂੰ ਕਾਬੂ ਕੀਤਾ ਗਿਆ। ਕਾਬੂ ਕੀਤੇ ਵਿਅਕਤੀਆਂ ਦੀ ਪਹਿਚਾਣ ਵਿਜੇਪਾਲ ਉਰਫ ਰਾਮ ਦਾਸ ਪੁੱਤਰ ਉਮ ਪ੍ਰਕਾਸ਼ ਵਾਸੀ ਸੁਖਚੈਨ ਥਾਣਾ ਬਹਾਵਵਾਲਾ ਅਤੇ 2 ਦਲੀਪ ਕੁਮਾਰ ਪੁੱਤਰ ਲਾਧੂ ਰਾਮ ਵਾਸੀ ਸੁਖਚੈਨ ਹਾਲ ਅਬਾਦ ਵਾਰਡ ਨੰ. 4 ਮਟਿਲੀ, ਸਾਦੁਲ ਸਹਿਰ, ਸ੍ਰੀ ਗੰਗਾਨਗਰ,ਰਾਜਸਥਾਨ ਵਜੋਂ ਹੋਈ। ਜਿਹਨਾਂ ਦੇ ਖਿਲਾਫ ਉਕਤ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

(4) ਮੁਕੱਦਮਾ ਨੰਬਰ 78 ਮਿਤੀ 10—7—2024 ਜੁਰਮ 15/61/85 ਐ.ਡੀ.ਪੀ.ਐਸ ਐਕਟ ਥਾਣਾ ਬਹਾਵ ਵਾਲਾ ਐਸ.ਆਈ ਜਸਵਿੰਦਰ ਸਿੰਘ ਵੱਲੋਂ ਦਰਜ ਰਜਿਸਟਰ ਕਰਵਾਇਆ ਗਿਆ ਕਿ ਜਦ ਉਹ ਗਸ਼ਤ ਅਤੇ ਚੈਕਿੰਗ ਸ਼ੱਕੀ ਪੁਰਸ਼ਾਂ ਦੋਰਾਨ ਸਮੇਤ ਪੁਲਿਸ ਪਾਰਟੀ ਪਿੰਡ ਬਿਸ਼ਨਪੁਰਾ ਢਾਣੀ ਪਾਸ ਮੌਜੂਦ ਸੀ ਤਾਂ ਸਾਹਮਣੇ ਤੋਂ ਇੱਕ ਵਿਅਕਤੀ ਆ ਰਿਹਾ ਸੀ, ਜੋ ਪੁਲਿਸ ਪਾਰਟੀ ਨੂੰ ਵੇਖ ਕੇ ਆਪਣੇ ਤੂੜੀ ਵਾਲੇ ਕਮਰੇ ਵੱਲ ਭੱਜਣ ਲੱਗਾ। ਜਿਸਨੂੰ ਸ਼ੱਕ ਦੇ ਅਧਾਰ ਤੇ ਕਾਬੂ ਕਰਕੇ ਉਸਦੇ ਘਰ ਦੇ ਤੂੜੀ ਵਾਲੇ ਕਮਰੇ ਦੀ ਤਲਾਸ਼ੀ ਕੀਤੀ ਤਾਂ ਉਸ ਵਿੱਚੋਂ ਤਿੰਨ ਗੱਟੇ ਪਲਾਸਟਿਕ ਵਿੱਚੋਂ 50 ਕਿਲੋਗਰਾਮ ਪੋਸਤ ਬਰਾਮਦ ਹੋਇਆ। ਜਿਸਨੂੰ ਕਾਬੂ ਕਰਕੇ ਉਸਦੇ ਕਬਜੇ ਵਿੱਚੋਂ ਬਰਾਮਦ ਹੋਏ ਪੋਸਤ ਨੂੰ ਕਬਜਾ ਪੁਲਿਸ ਵਿੱਚ ਲਿਆ ਗਿਆ। ਕਾਬੂ ਕੀਤੇ ਵਿਅਕਤੀ ਦੀ ਪਹਿਚਾਣ ਵਿਨੋਦ ਕੁਮਾਰ ਪੁੱਤਰ ਹਨੂੰਮਾਨ ਵਾਸੀ ਬਿਸ਼ਨਪੁਰਾ ਵਜੋਂ ਹੋਈ। ਜਿਸਤੋਂ ਡੂੰਘਾਈ ਨਾਲ ਪੁੱਛਗਿੱਛ ਕਰਨ ਤੇ ਉਸਨੇ ਦੱਸਿਆ ਕਿ ਉਸਦੇ ਨਾਲ ਉਸਦੇ ਭਰਾ ਸਰਵਨ ਕੁਮਾਰ ਪੁੱਤਰ ਹਨੂੰਮਾਨ ਅਤੇ ਲਛਮਣ ਕੁਮਾਰ ਪੁੱਤਰ ਹੂਨੰਮਾਨ ਵੀ ਪੋਸਤ ਵੇਚਣ ਦਾ ਕੰਮ ਕਰਦੇ ਹਨ।ਜਿਸ ਕਰਕੇ ਉਪਰੋਕਤ ਤਿੰਨੋ ਵਿਅਕਤੀਆਂ ਦੇ ਖਿਲਾਫ ਉਕਤ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

(5) ਇੰਸਪੈਕਟਰ ਰਮਨ ਕੁਮਾਰ ਮੁੱਖ ਅਫਸਰ ਥਾਣਾ ਖੂਈਆਂ ਸਰਵਰ ਦੀ ਨਿਗਰਾਨੀ ਹੇਠ ਸ:ਥ: ਗੁਰਮੇਲ ਸਿੰਘ ਵੱਲੋਂ ਸਮੇਤ ਪੁਲਿਸ ਪਾਰਟੀ ਨਾਕਾਬੰਦੀ ਅਬੋਹਰ—ਸ੍ਰੀ ਗੰਗਾਨਗਰ ਰੋਡ ਤੇ ਗੁੰਮਜਾਲ ਬੈਰੀਅਰ ਦੌਰਾਨ ਚਰਨਜੀਤ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਲੋਹਕਾ ਤਹਿਸੀਲ ਪੱਟੀ ਜਿਲ੍ਹਾ ਤਰਨਤਾਰਨ ਦੇ ਖਿਲਾਫ ਮੁਖਬਰੀ ਮਿਲਣ ਤੇ ਉਸਨੂੰ ਕਾਬੂ ਕਰਕੇ ਉਸ ਪਾਸੋਂ 9500 ਨਸੀਲੀਆ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਜਿਸਦੇ ਖਿਲਾਫ ਮੁਕੱਦਮਾ ਨੰਬਰ 79 ਮਿਤੀ 18-7-2024 ਜੁਰਮ 2/61/85 ਐਨ.ਡੀ.ਪੀ.ਐਸ ਐਕਟ ਥਾਣਾ ਖੂਈਆਂ ਸਰਵਰ ਦਰਜ ਰਜਿਸਟਰ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਪੰਜਾਬ ਕਾਂਗਰਸ ਚ ਅੰਦਰੂਨੀ ਕਲੇਸ਼, ਰਾਜਾ ਵੜਿੰਗ ਨੇ ਕਿਹਾ- ਜਲੰਧਰ ਉਪ ਚੋਣ ਚ ਹਾਰ ਲਈ ਮੈਂ ਜ਼ਿੰਮੇਵਾਰ ਹਾਂ



ਜਲੰਧਰ ,(ਲੋਕ ਬਾਣੀ ): ਪੰਜਾਬ ਦੀ ਜਲੰਧਰ ਜ਼ਿਮਨੀ ਚੋਣ ਚ ਕਾਂਗਰਸ ਦੀ ਕਰਾਰੀ ਹਾਰ ਤੇ ਪਹਿਲੀ ਵਾਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਬਿਆਨ ਆਇਆ ਹੈ। ਰਾਜਾ ਵੜਿੰਗ ਨੇ ਕਿਹਾ ਹੈ ਕਿ ਉਹ ਜਲੰਧਰ ਪੱਛਮੀ ਹਲਕੇ ਵਿੱਚ ਕਾਂਗਰਸ ਦੀ ਕਰਾਰੀ ਹਾਰ ਦੀ ਜ਼ਿੰਮੇਵਾਰੀ ਲੈਂਦੇ ਹਨ। ਦੱਸ ਦੇਈਏ ਕਿ ਪੰਜਾਬ ਕਾਂਗਰਸ ਚ ਚੰਨੀ ਅਤੇ ਵੜਿੰਗ ਵਿਚਾਲੇ ਖਿੱਚੋਤਾਣ ਤੇਜ਼ ਹੋਣ ਦੀ ਚਰਚਾ ਹੈ। ਅਜਿਹੇ ਚ ਜਲੰਧਰ ਵੈਸਟ ਦੀ ਹਾਰ ਤੇ ਵੜਿੰਗ ਦੇ ਬਿਆਨ ਨੂੰ ਉਕਤ ਵਿਵਾਦ ਨਾਲ ਜੋੜਿਆ ਜਾ ਰਿਹਾ ਹੈ।

ਵੜਿੰਗ ਨੇ ਕਿਹਾ- ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਹਨ, ਇਸ ਲਈ ਜੇਕਰ ਪੰਜਾਬ ਵਿੱਚ ਕਿਤੇ ਵੀ ਕਾਂਗਰਸ ਹਫ਼ਤਾ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਮੇਰੀ ਹੋਵੇਗੀ। ਸੁਰਜੀਤ ਕੌਰ ਨੂੰ ਟਿਕਟ ਮਿਲਣ ਤੋਂ ਬਾਅਦ ਚੰਨੀ ਨੇ ਰਾਜਾ ਵੜਿੰਗ ਤੋਂ ਵੱਧ ਚਾਰਜ ਸੰਭਾਲ ਲਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਮੈਂ ਲੁਧਿਆਣਾ ਵਿੱਚ ਕਾਂਗਰਸ ਦੇ ਡਿੱਗਦੇ ਵੋਟ ਪ੍ਰਤੀਸ਼ਤ ਦੀ ਜ਼ਿੰਮੇਵਾਰੀ ਲੈਂਦਾ ਹਾਂ ਅਤੇ ਜਲੰਧਰ ਪੱਛਮੀ ਵਿੱਚ ਹੋਈ ਹਾਰ ਦੀ ਜ਼ਿੰਮੇਵਾਰੀ ਵੀ ਲੈਂਦਾ ਹਾਂ। ਦੱਸ ਦੇਈਏ ਕਿ ਪੰਜਾਬ ਕਾਂਗਰਸ ਚ ਪਿਛਲੇ ਕਾਫੀ ਸਮੇਂ ਤੋਂ ਰੰਜਿਸ਼ ਚੱਲ ਰਹੀ ਹੈ। ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਇਕ ਪਾਸੇ ਹਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੂਜੇ ਪਾਸੇ। ਅਜਿਹੇ ਚ ਜਲੰਧਰ ਵੈਸਟ ਚ ਹਾਰ ਤੋਂ ਬਾਅਦ ਵੜਿੰਗ ਦੇ ਇਸ ਬਿਆਨ ਨੂੰ ਉਕਤ ਵਿਵਾਦ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਕਿਉਂਕਿ ਚੰਨੀ ਨੇ ਉਪ ਚੋਣਾਂ ਦੌਰਾਨ ਬਹੁਤਾ ਜ਼ੋਰ ਨਹੀਂ ਲਾਇਆ ਸੀ। ਪਰ ਵੜਿੰਗ ਅਤੇ ਪ੍ਰਤਾਪ ਸਿੰਘ ਬਾਜਵਾ ਨੇ ਕਾਫੀ ਪ੍ਰਚਾਰ ਕੀਤਾ ਸੀ।

# ਲੁਧਿਆਣਾ ਚ ਲਾਡੋਵਾਲ ਟੋਲ ਪਲਾਜ਼ੇ ਨੂੰ ਲੈ ਕੇ ਕਿਸਾਨਾਂ ਨੇ ਡੀਸੀ ਨਾਲ ਕੀਤੀ ਮੀਟਿੰਗ,ਪ੍ਰਧਾਨ ਦਿਲਬਾਗ ਨੇ ਕਿਹਾ- ਮੀਟਿੰਗ ਬੇਸਿੱਟਾ ਰਹੀ



ਲੁਧਿਆਣਾ: ,(ਲੋਕ ਬਾਣੀ ) ਪੰਜਾਬ ਦਾ ਸਭ ਤੋਂ ਮਹਿੰਗਾ ਲਾਡੋਵਾਲ ਟੋਲ ਪਲਾਜ਼ਾ ਫਿਲਹਾਲ ਬੰਦ ਰਹੇਗਾ। ਅੱਜ ਕਿਸਾਨਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਅਗਵਾਈ ਹੇਠ ਹੋਈ ਮੀਟਿੰਗ ਅੱਧੇ ਘੰਟੇ ਤੋਂ ਵੱਧ ਸਮਾਂ ਚੱਲੀ। ਮੀਟਿੰਗ ਵਿੱਚ ਕਿਸਾਨਾਂ ਨੇ ਟੋਲ ਪਲਾਜ਼ਾ ਦੇ ਵੱਧ ਰਹੇ ਰੇਟਾਂ ਬਾਰੇ ਵਿਚਾਰ ਪ੍ਰਗਟ ਕੀਤੇ। ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਦਿਲਬਾਗ ਸਿੰਘ ਨੇ ਦੱਸਿਆ ਕਿ ਅੱਜ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਸਮੇਤ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਪਰ ਇਹ ਮੀਟਿੰਗ ਬੇਸਿੱਟਾ ਰਹੀ। ਪਿਛਲੀ ਮੀਟਿੰਗ ਵਿੱਚ ਵੀ ਲਾਡੋਵਾਲ ਟੋਲ ਪਲਾਜ਼ਾ ਦੀਆਂ ਕਮੀਆਂ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਾਣੂ ਕਰਵਾਇਆ ਗਿਆ ਸੀ।ਡੀਸੀ ਸਾਹਨੀ ਨੇ ਐਨਐਚਏਆਈ ਨੂੰ ਪੱਤਰ ਵੀ ਭੇਜਿਆ ਸੀ ਪਰ ਅੱਜ ਤੱਕ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ©819 ਸੋਚ ਰਿਹਾ ਹੈ ਕਿ ਉਹ ਰਾਜ ਸਰਕਾਰ ਤੋਂ ਬੰਦ ਪਏ ਟੋਲ ਪਲਾਜ਼ਾ ਦੀ ਵਸੂਲੀ ਕਰੇਗਾ। ਲਾਡੋਵਾਲ ਟੋਲ ਪਲਾਜ਼ਾ ਦੀ ਮਿਆਦ ਖਤਮ ਹੋ ਗਈ ਹੈ। ਇਸ ਵਿੱਚ ਕਈ ਘੁਟਾਲੇ ਸਾਹਮਣੇ ਆਉਣਗੇ। ਇਸ ਮਾਮਲੇ ਦੀ ਸੀਬੀਆਈ ਤੋਂ ਜਾਂਚ ਹੋਣੀ ਚਾਹੀਦੀ ਹੈ।

# ਪੰਜਾਬ ਪੁਲਿਸ ਨੇ ਅੰਤਰ-ਸਰਹੱਦੀ ਨਸ਼ਾ ਤਸਕਰੀ ਗਿਰੋਹ ਦਾ ਕੀਤਾ ਪਰਦਾਫਾਸ਼; ਤਿੰਨ ਨਸ਼ਾ ਤਸਕਰਾਂ ਸਮੇਤ ਇੱਕ ਵੱਡੀ ਮੱਛੀ ਗ੍ਰਿਫਤਾਰ

ਚੰਡੀਗੜ੍ਹ/ਅੰਮ੍ਰਿਤਸਰ, 20 ਜੁਲਾਈ: ,(ਲੋਕ ਬਾਣੀ ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਵੱਡਾ ਝਟਕਾ ਦਿੰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਨਸ਼ਾ ਤਸਕਰੀ ਦੀ ਇੱਕ ਵੱਡੀ ਮੱਛੀ ਗੁਰਬਖਸ਼ ਉਰਫ਼ ਲਾਲਾ ਵਾਸੀ ਛੇਹਰਟਾ ਸਮੇਤ ਤਿੰਨ ਨਸ਼ਾ ਤਸਕਰਾਂ ਨੂੰ 1 ਕਿਲੋ ਆਈਸ (ਮੇਥਾਮਫੇਟਾਮਾਈਨ), 2.45 ਕਿਲੋ ਹੈਰੋਇਨ ਅਤੇ 520 ਗ੍ਰਾਮ ਸੂਡੋਫੈਡਰਾਈਨ (ਪ੍ਰੀਕਰਸਰ ਕੈਮੀਕਲ ) ਸਣੇ ਕਾਬੂ ਕੀਤਾ ਹੈ । ਇਹ ਜਾਣਕਾਰੀ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦਿੱਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਨਸ਼ਾ ਤਸਕਰ ਗੁਰਬਖਸ਼ ਉਰਫ਼ ਲਾਲਾ ਸਰਗਰਮੀ ਨਾਲ ਪ੍ਰੀਕਰਸਰ ਕੈਮੀਕਲ ਦੀ ਸਪਲਾਈ ਕਰਦਾ ਸੀ। ਦੱਸਣਯੋਗ ਹੈ ਕਿ ਇਸ ਰਸਾਇਣ(ਸੂਡੋਫੈਡਰਾਈਨ) ਦੀ ਵਰਤੋਂ ਕਰੂਡ ਹੈਰੋਇਨ ਵਿੱਚ ਮਿਲਾਵਟ ਕਰਨ ਲਈ ਕੀਤੀ ਜਾਂਦੀ ਹੈ ਤਾਂ ਜੋ ਇਸ ਦੇ ਅਸਰ ਨੂੰ ਹੋਰ ਵਧਾਇਆ ਜਾ ਸਕੇ ਅਤੇ ਇਸ ਦਾ ਇਸਤੇਮਾਲ ਕ੍ਰਿਸਟਲ ਮੇਥਾਮਫੇਟਾਮਾਈਨ (ਆਈਸੀਈ) ਤਿਆਰ ਕਰਨ ਲਈ ਵੀ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਲਾਲਾ ਪ੍ਰਤੀ ਖੇਪ 50,000 ਰੁਪਏ ਜੁਟਾ ਲੈਂਦਾ ਸੀ ।

ਜ਼ਿਕਰਯੋਗ ਹੈ ਕਿ ਨਸ਼ਿਆਂ ਵਿਰੁੱਧ ਪੰਜਾਬ ਪੁਲਿਸ ਦੀ ਨਿਰੰਤਰ ਲੜਾਈ, ਜਿਸ ਦੇ ਸਿੱਟੇ ਵਜੋਂ ਨਸ਼ਿਆਂ ਦੀ ਸਪਲਾਈ ਚੇਨ ਨੂੰ ਠੱਲ੍ਹ ਪੈ ਰਹੀ ਹੈ, ਕਾਰਨ ਤਸਕਰ ਹੁਣ ਆਈਸ ਵਰਗੇ ਸਿੰਥੈਟਿਕ ਡਰੱਗਜ਼ ਤਿਆਰ ਕਰਨ ਲਈ ਸੂਡੋਫੈਡਰਾਈਨ-ਪ੍ਰੀਕਰਸਰ ਕੈਮੀਕਲ ਦਾ ਸਹਾਰਾ ਲੈਣ ਲੱਗੇ ਹਨ। ਅਫਗਾਨਿਸਤਾਨ ਵਿਚ ਤਾਲਿਬਾਨ ਨੇ ਵੀ ਅਫੀਮ ਦੇ ਉਤਪਾਦਨ ’ਤੇ ਪਾਬੰਦੀ ਲਗਾ ਦਿੱਤੀ ਹੈ ਜਿਸਦੇ ਨਤੀਜੇ ਵਜੋਂ ਹੈਰੋਇਨ ਦੀ ਸਪਲਾਈ ਵਿੱਚ ਕਮੀ ਆਈ ਹੈ।

ਵੱਡੀ ਮੱਛੀ ਗੁਰਬਖਸ਼ ਉਰਫ ਲਾਲਾ ਤੋਂ ਇਲਾਵਾ ਫੜੇ ਗਏ ਦੋ ਹੋਰ ਨਸ਼ਾ ਤਸਕਰਾਂ ਦੀ ਪਛਾਣ ਦਲਜੀਤ ਕੌਰ ਅਤੇ ਅਰਸ਼ਦੀਪ ਦੋਵੇਂ ਵਾਸੀ ਛੇਹਰਟਾ ਵਜੋਂ ਹੋਈ ਹੈ। ਦੋਸ਼ੀ ਗੁਰਬਖਸ਼ ਉਰਫ ਲਾਲਾ ਅਤੇ ਅਰਸ਼ਦੀਪ ਦੋਵੇਂ ਅਪਰਾਧਿਕ ਪਿਛੋਕੜ ਵਾਲੇ ਹਨ ਅਤੇ ਜ਼ਮਾਨਤ ’ਤੇ ਬਾਹਰ ਹਨ।

ਡੀਜੀਪੀ ਨੇ ਕਿਹਾ ਕਿ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਮੁਲਜ਼ਮ ਗੁਰਬਖਸ਼ ਉਰਫ਼ ਲਾਲਾ ਦੇ ਪਿਛਲੇਰੇ ਸਬੰਧਾਂ ਦਾ ਵੀ ਪਤਾ ਲਗਾਇਆ ਹੈ ਅਤੇ ਪੁਲਿਸ ਟੀਮਾਂ ਇਸ ਨਾਰਕੋ-ਸਿੰਡੀਕੇਟ ਦੇ ਸਰਗਨਾ ਨੂੰ ਕਾਬੂ ਕਰਨ ਲਈ ਛਾਪੇਮਾਰੀ ਕਰ ਰਹੀਆਂ ਹਨ।

ਇਹ ਕਾਰਵਾਈ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਦੁਆਰਾ 16 ਜੂਨ, 2024 ਨੂੰ ਕੋਟ ਖਾਲਸਾ ਖੇਤਰ ਤੋਂ ਇੱਕ ਸਥਾਨਕ ਨਸ਼ਾ ਤਸਕਰ ਦਲਜੀਤ ਕੌਰ, ਜਿਸ ਨੂੰ 50 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਸੀ, ਦੀ ਗ੍ਰਿਫਤਾਰੀ ਲਈ ਕੀਤੀ ਅਗਲੇਰੀਆਂ -ਪਿਛਲੇਰੀਆਂ ਕੜੀਆਂ ਦੀ ਬਾਰੀਕੀ ਨਾਲ ਜਾਂਚ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ । ਦਲਜੀਤ ਕੌਰ ਦੀ ਗ੍ਰਿਫਤਾਰੀ ਨੇ ਛੇਹਰਟਾ ਖੇਤਰ ਤੋਂ ਉਸਦੇ ਸਾਥੀ ਨਸ਼ਾ ਤਸਕਰ ਅਰਸ਼ਦੀਪ ਨੂੰ 200 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਲਈ ਰਾਹ ਪੱਧਰਾ ਕਰ ਦਿੱਤਾ ਸੀ



ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਏ.ਡੀ.ਸੀ.ਪੀ ਜ਼ੋਨ 1 ਡਾ: ਦਰਪਣ ਆਹਲੂਵਾਲੀਆ ਅਤੇ ਏ.ਸੀ.ਪੀ. ਸੈਂਟਰਲ ਸੁਰਿੰਦਰ ਸਿੰਘ ਦੀ ਨਿਗਰਾਨੀ ਵਿੱਚ ਐਸ.ਆਈ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਚੌਕੀ ਅੰਨਗੜ੍ਹ ਦੀ ਵਿਸ਼ੇਸ਼ ਟੀਮ ਵੱਲੋਂ ਦੋਸ਼ੀ ਦਲਜੀਤ ਕੌਰ ਅਤੇ ਅਰਸ਼ਦੀਪ ਦੀ ਗ੍ਰਿਫਤਾਰੀ ਸਬੰਧੀ ਜਾਂਚ ਦੌਰਾਨ ਅਗਲੀਆਂ-ਪਿਛਲੀਆਂ ਕੜੀਆਂ ਦੀ ਛਾਣਬੀਣ ’ਤੇ ਗੁਰਬਖਸ਼ ਲਾਲਾ ਦੇ ਪਿਛੋਕੜ ਦਾ ਪਤਾ ਲੱਗਾ। ਉਨ੍ਹਾਂ ਅੱਗੇ ਕਿਹਾ ਕਿ ਗੁਰਬਖ਼ਸ ਲਾਲਾ ਨੂੰ ਚਾਰ ਦਿਨਾਂ ਤੱਕ ਚੱਲੇ ਇੱਕ ਮੁਸਤੈਦ ਆਪ੍ਰੇਸ਼ਨ ਵਿੱਚ 1 ਕਿਲੋ ਆਈਸ, 2 ਕਿਲੋ 200 ਗ੍ਰਾਮ ਹੈਰੋਇਨ ਅਤੇ 520 ਗ੍ਰਾਮ ਪ੍ਰੀਕਰਸਰ ਸੂਡੋਫੈਡਰਾਈਨ ਦੀ ਬਰਾਮਦਗੀ ਦੇ ਨਾਲ ਕਾਬੂ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਗੁਰਬਖਸ਼ ਉਰਫ਼ ਲਾਲਾ, ਜੋ ਕਿ ਕਤਲ, ਆਰਮਜ਼ ਐਕਟ ਅਤੇ ਐਨਡੀਪੀਐਸ ਐਕਟ ਨਾਲ ਸਬੰਧਤ ਕੇਸਾਂ ਦਾ ਸਾਹਮਣਾ ਕਰ ਰਿਹਾ ਹੈ, ਅੰਮ੍ਰਿਤਸਰ ਕੇਂਦਰੀ ਜੇਲ੍ਹ ਦੀ ‘ਫੈਂਕਾ’ ਗਤੀਵਿਧੀ ਵਿੱਚ ਵੀ ਸਰਗਰਮੀ ਨਾਲ ਸ਼ਾਮਲ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਵੱਲੋਂ ਉਸ ਦੇ ਕਬਜ਼ੇ ’ਚੋਂ ਪੈਕਟਾਂ ’ਚ ਲਪੇਟੀਆਂ ਕਈ ਬੀੜੀਆਂ ਵੀ ਬਰਾਮਦ ਕੀਤੀਆਂ ਗਈਆਂ ਹਨ ਅਤੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

ਇਸ ਸਬੰਧੀ ਐਫਆਈਆਰ ਨੰਬਰ 115 ਮਿਤੀ 16/6/24 ਨੂੰ ਥਾਣਾ ਇਸਲਾਮਾਬਾਦ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਬੀ ਤਹਿਤ ਦਰਜ ਕੀਤਾ ਗਿਆ ਸੀ।

# ਟ੍ਰੈਫਿਕ ਪੁਲਿਸ ਵੱਲੋਂ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਲਗਾਇਆ ਗਿਆ ਜਾਗਰੂਕਤਾ ਕੈਂਪ




ਸ਼੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਬੀਤੇ ਦਿਨੀਂ ਟ੍ਰੈਫਿਕ ਪੁਲਿਸ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ ਵਿਦਿਆਰਥੀਆਂ ਨੂੰ ਟ੍ਰੈਫਿਕ ਸੰਬੰਧੀ ਨਿਯਮਾਂ ਪ੍ਰਤੀ ਜਾਗਰੂਕ ਕਰਨ ਲਈ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿਚ ਟ੍ਰੈਫਿਕ ਇੰਚਾਰਜ ਏ.ਐਸ.ਆਈ ਸੁਖਦੇਵ ਸਿੰਘ, ਏ.ਐਸ.ਆਈ ਹਰਜਾਪ ਸਿੰਘ ਤੇ ਏ.ਐਸ.ਆਈ ਉਮੇਸ਼ ਕੁਮਾਰ ਵਿਸ਼ੇਸ਼ ਤੌਰ ਤੇ ਪਹੁੰਚੇ ਜਿੱਥੇ ਉਨਾਂ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਟ੍ਰੈਫਿਕ ਸੰਬੰਧੀ ਵਿਸ਼ੇਸ਼ ਜਾਣਕਾਰੀ ਦਿੱਤੀ।ਇਸ ਮੌਕੇ ਏ.ਐਸ.ਆਈ ਸੁਖਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਹਨ ਚਲਾਉਂਦੇ ਸਮੇਂ ਕਦੇ ਵੀ ਮੋਬਾਇਲ ਫੋਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਉਨਾਂ ਕਿਹਾ ਕਿ ਮੋਬਾਇਲ ਦੀ ਵਰਤੋਂ ਕਰਕੇ ਅਸੀਂ ਖੁਦ ਹਾਦਸਿਆਂ ਨੂੰ ਸੱਦਾ ਦਿੰਦੇ ਹਾਂ ਤੇ ਅਜਿਹੇ ਕਈ ਹਾਦਸੇ ਹੋਏ ਵੀ ਹਨ ਜਿਨਾਂ ਵਿੱਚ ਲੋਕਾਂ ਨੇ ਆਪਣੀ ਜਾਨ ਤੱਕ ਗੁਆ ਲਈ ਹੈ।ਉਨਾਂ ਕਿਹਾ ਕਿ ਟੂ ਵੀਹਲਰ ਚਲਾਉਣ ਸਮੇਂ ਸਾਨੂੰ ਹੈਲਮੇਟ ਦੀ ਵਰਤੋਂ ਅਤੇ ਗੱਡੀ ਚਲਾਉਣ ਸਮੇਂ ਸਾਨੂੰ ਸੀਟ ਬੈਲਟ ਦੀ ਵਰਤੋਂ ਜਰੂਰ ਕਰਨੀ ਚਾਹੀਦੀ ਹੈ।ਉਨਾਂ ਕਿਹਾ ਕਿ ਜਿਹੜੇ ਵਿਦਿਆਰਥੀਆਂ ਦੀ ਉਮਰ 18 ਸਾਲ ਹੋ ਚੁੱਕੀ ਹੈ ਉਨਾਂ ਨੂੰ ਡਰਾਈਵਿੰਗ ਲਾਈਸੈਂਸ ਜਰੂਰ ਅਪਲਾਈ ਕਰਦਾ ਚਾਹੀਦਾ ਹੈ।ਉਨਾਂ ਕਿਹਾ ਕਿ ਬਿਨਾਂ ਲਾਈਸੈਂਸ ਤੋਂ ਵੀਹਕਲ ਚਲਾਉਣਾ ਗੈਰ ਕਾਨੂੰਨੀ ਜੁਰਮ ਹੈ।ਇਸ ਮੌਕੇ ਉਨਾਂ ਨੇ ਨਾਬਾਲਗ ਬੱਚਿਆਂ ਦੇ ਡਰਾਈਵਿੰਗ ਕਰਨ ਨਾਲ ਹੋਣ ਵਾਲੀ ਕਾਨੂੰਨੀ ਕਾਰਵਾਈ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਨਾਲ ਹੀ ਡਰਾਈਵਿੰਗ ਲਾਈਸੈਂਸ ਦੀ ਅਹਿਮੀਅਤ ਬਾਰੇ ਜਾਣੂ ਕਰਵਾਇਆ।ਉਨਾਂ ਕਿਹਾ ਕਿ ਜੇਕਰ ਸੜਕ ਜਾਂ ਤੁਹਾਡੇ ਆਲੇ ਦੁਆਲੇ ਕੀਤੇ ਕੋਈ ਵਿਅਕਤੀ ਹਾਦਸਾਗ੍ਰਸਤ ਦਿਖਾਈ ਦਿੰਦਾ ਹੈ ਤਾਂ ਕਦੇ ਵੀ ਡਰ ਕੇ ਭੱਜੋ ਨਾ ਸਗੋਂ ਉਸਦੀ ਮਦਦ ਕਰੋ ਤੇ ਉਸ ਵਿਅਕਤੀ ਨੂੰ ਆਪਣੇ ਨੇੜਲੇ ਕਿਸੇ ਵੀ ਹਸਪਤਾਲ ਵਿੱਚ ਪਹੁੰਚਾਉ।ਉਨਾਂ ਕਿਹਾ ਕਿ ਤੁਹਾਡੇ ਇਸ ਛੋਟੇ ਜਿਹੇ ਕਦਮ ਨਾਲ ਕਿਸੇ ਦਾ ਅਨਮੋਲ ਜੀਵਨ ਬੱਚ ਸਕਦਾ ਹੈ।ਉਨਾਂ ਵਿਦਿਆਰਥੀਆਂ ਨੂੰ ਨਿਯਮਾਂ ਦੇ ਚਿੰਨ ਅਤੇ ਟ੍ਰੈਫਿਕ ਸਿਗਨਲਾਂ ਬਾਰੇ ਵੀ ਜਾਣਕਾਰੀ ਦਿੱਤੀ।ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰ.ਸਤਨਾਮ ਸਿੰਘ ਨੇ ਟ੍ਰੈਫਿਕ ਪੁਲਿਸ ਵੱਲੋਂ ਆਏ ਏ.ਐਸ.ਆਈ ਸੁਖਦੇਵ ਸਿੰਘ, ਏ.ਐਸ.ਆਈ ਹਰਜਾਪ ਸਿੰਘ ਤੇ ਏ.ਐਸ.ਆਈ.ਉਮੇਸ਼ ਕੁਮਾਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

# ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਨੇ ਲਗਾਇਆ ਖ਼ੂਨਦਾਨ ਕੈਂਪ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਰਜਿ ਬਰਨਾਲਾ ਵੱਲੋਂ ਖੂਨਦਾਨੀਆਂ ਦੇ ਸਹਿਯੋਗ ਨਾਲ ਅੱਜ ਸਵੇਰੇ 9 ਤੋਂ 2 ਵਜੇ ਤੱਕ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਦਾ ਉਦਘਾਟਨ ਮਹੰਤ ਪਿਆਰਾ ਸਿੰਘ ਮੁਖੀ ਡੇਰਾ ਬਾਬਾ ਗਾਂਧਾ ਸਿੰਘ ਬਰਨਾਲਾ ਨੇ ਕੀਤਾ। ਖੂਨਦਾਨੀ ਨੌਜਵਾਨ ਵੀਰਾਂ ਨੇ 18 ਯੂਨਿਟ ਖੂਨ ਦਾਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਰਜਿ ਦੇ ਮੁੱਖ ਸੇਵਾਦਾਰ ਜਗਵਿੰਦਰ ਸਿੰਘ ਭੰਡਾਰੀ, ਸੇਵਾਦਾਰ ਚਮਕੌਰ ਸਿੰਘ, ਗੁਰਪ੍ਰੀਤ ਸਿੰਘ,ਧਿਆਨ ਸਿੰਘ ਜੋਗਾ ਤੋਂ ਇਲਾਵਾ ਸੁਰਿੰਦਰ ਸਿੰਘ, ਮਨਦੀਪ ਗਰੇਵਾਲ, ਨਿਰਮਲ ਸਿੰਘ, ਨਵਦੀਪ ਸਿੰਘ, ਪੈਰੀ ਸ਼ਰਮਾ, ਬਲਕੌਰ ਸਿੰਘ ਕਰਮਗੜ੍ਹ, ਰੈੱਡ ਕਰਾਸ ਸੁਸਾਇਟੀ ਬਰਨਾਲਾ ਦੇ ਜਨਰਲ ਸਕੱਤਰ ਸਰਵਨ ਸਿੰਘ, ਅਸ਼ੀਸ਼ ਪਾਲ, ਚਮਕੌਰ ਸਿੰਘ, ਡਾਕਟਰ ਰਿੰਪੀ, ਡਾਕਟਰ ਸ਼ਿਖਾ, ਰਸਪਿੰਦਰ ਸਿੰਘ ਹਨੀ ਫਾਰਮਾਸਿਸਟ, ਬਲਵਿੰਦਰ ਕੌਰ ਖੂਨਦਾਨੀ, ਭੁਪਿੰਦਰ ਕੁਮਾਰ ਐਮ ਐਲ ਟੀ, ਖੁਸ਼ਵੰਤ ਪ੍ਰਭਾਕਰ ਕੰਵਲਦੀਪ ਸਿੰਘ, ਹਰਭਜਨ ਸਿੰਘ, ਮਨਦੀਪ ਕੌਰ ਸਟਾਫ਼ ਨਰਸ ਆਦਿ ਨੇ ਕੈਂਪ ਦੌਰਾਨ ਥੈਲਾਸੀਮਕ ਰੋਗ ਦੇ ਸ਼ਿਕਾਰ ਬੱਚਿਆਂ ਲਈ, ਐਕਸੀਡੈਂਟ ਪੀੜਤਾਂ, ਗਰਭਵਤੀ ਔਰਤਾਂ ਅਤੇ ਹੋਰ ਰੋਗਾਂ ਦੇ ਮਰੀਜ਼ਾਂ ਲਈ ਖੂਨ ਇਕੱਤਰ ਕੀਤਾ ਗਿਆ । ਇਹ ਜਾਣਕਾਰੀ ਜਗਵਿੰਦਰ ਸਿੰਘ ਭੰਡਾਰੀ ਨੇ ਦਿੱਤੀ ਹੈ ਅਤੇ ਸਾਰੇ ਖੂਨਦਾਨੀ ਵੀਰਾਂ ਦਾ ਧੰਨਵਾਦ ਕੀਤਾ।

# ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਫਗਵਾੜਾ ਦੀ ਬੀ ਐੱਸ ਸੀ ਇਕਨਾਮਿਕਸ ਦੀ ਵਿਦਿਆਰਥਣ ਨੇ ਯੂਨੀਵਰਸਿਟੀ ਮੈਰਿਟ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ






ਫਗਵਾੜਾ (ਜੀਵਨ ਸੰਘਾ) ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਫਗਵਾੜਾ ਦੇ ਬੀ.ਐਸ.ਸੀ ਇਕਨਾਮਿਕਸ ਸਮੈਸਟਰ ਛੇਵੇਂ ਦੀ ਵਿਦਿਆਰਥਣ ਉਮਾ ਕੁਮਾਰੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁਆਰਾ ਐਲਾਨੇ ਗਏ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੈਰਿਟ ਸੂਚੀ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਮਾਪਿਆਂ ਅਤੇ ਕਾਲਜ ਦਾ ਮਾਣ ਵਧਾਇਆ। ਸਾਰੀ ਕਲਾਸ ਦਾ ਨਤੀਜਾ ਬਹੁਤ ਵਧੀਆ ਰਿਹਾ। ਪ੍ਰਿੰਸੀਪਲ ਡਾ. ਸਵਿੰਦਰ ਪਾਲ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਇਸ ਬਹੁਮੁੱਲੀ ਪ੍ਰਾਪਤੀ ਲਈ ਡਾ. ਕੰਵਲਜੀਤ ਸਿੰਘ, ਮੁਖੀ, ਅਰਥ ਸ਼ਾਸਤਰ ਵਿਭਾਗ ਅਤੇ ਹੋਰ ਫੈਕਲਟੀ ਮੈਂਬਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ

# ਕਾਨਪੁਰ ਚ ਮਾਂ ਦੇ ਨਾਂ ਤੇ ਮੁਹਿੰਮ ਦੀ ਸ਼ੁਰੂਆਤ ਚ ਮੰਤਰੀਆਂ, ਨੇਤਾਵਾਂ ਅਤੇ ਅਧਿਕਾਰੀਆਂ ਨੇ ਬੂਟੇ ਲਗਾਏ

## ਕਮਿਸ਼ਨਰ ਅਖਿਲ ਕੁਮਾਰ ਨੇ ਪੁਲੀਸ ਲਾਈਨਜ਼ ਵਿੱਚ ਮੇਅਰ ਪ੍ਰਮਿਲਾ ਨਾਲ ਮਿਲ ਕੇ ਰੁੱਖ ਵੀ ਲਗਾਏ।






ਕਾਨਪੁਰ (ਸੁਨੀਲ ਬਾਜਪਾਈ) ਅੱਜ ਸਨਿਚਰਵਾਰ ਤੋਂ ਇੱਥੇ ਮਦਰ ਪਲਾਂਟ ਦੇ ਨਾਂ ਤੇ ਮੁਹਿੰਮ ਜ਼ੋਰਦਾਰ ਢੰਗ ਨਾਲ ਸ਼ੁਰੂ ਕੀਤੀ ਗਈ। ਇਸ ਤਹਿਤ ਨੋਡਲ ਮੰਤਰੀ ਕਪਿਲ ਦੇਵ ਅਗਰਵਾਲ ਅਤੇ ਨੋਡਲ ਅਫ਼ਸਰ ਪ੍ਰਮੁੱਖ ਸਕੱਤਰ ਅਨੁਰਾਗ ਸ੍ਰੀਵਾਸਤਵ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ 44.70 ਲੱਖ ਬੂਟੇ ਲਗਾਏ ਜਾਣਗੇ। ਕਈ ਥਾਵਾਂ ਤੇ ਮਾਤਰੀ ਵਾਟਿਕਾ ਵੀ ਬਣਾਈ ਗਈ ਹੈ। ਇਸ ਦੇ ਨਾਲ ਹੀ ਮੇਅਰ ਪ੍ਰਮਿਲਾ ਪਾਂਡੇ ਦੇ ਨਾਲ ਅਪਰਾਧ ਅਤੇ ਅਪਰਾਧੀਆਂ ਨੂੰ ਕਾਬੂ ਕਰਨ ਸਮੇਤ ਲੋਕ ਹਿੱਤ ਦੇ ਹਰ ਕੰਮ ਵਿੱਚ ਮੋਹਰੀ ਰਹਿਣ ਵਾਲੇ ਪੁਲਿਸ ਕਮਿਸ਼ਨਰ ਅਖਿਲ ਕੁਮਾਰ ਦੀ ਅਗਵਾਈ ਵਿੱਚ ਪੁਲਿਸ ਲਾਈਨ ਵਿੱਚ ਰੁੱਖ ਲਗਾਉਣ ਦਾ ਕੰਮ ਵੀ ਕੀਤਾ ਗਿਆ।

ਇਸ ਰੁੱਖ ਲਗਾਉਣ ਦੀ ਮੁਹਿੰਮ ਨੂੰ ਲੈ ਕੇ ਐਚਬੀਟੀਯੂ ਵਿਖੇ ਕਰਵਾਏ ਗਏ ਸ਼ਾਨਦਾਰ ਸਮਾਗਮ ਵਿੱਚ ਮੰਤਰੀ ਕਪਿਲ ਦੇਵ ਦੇ ਨਾਲ ਸੰਸਦ ਮੈਂਬਰ ਰਮੇਸ਼ ਅਵਸਥੀ, ਮੇਅਰ ਪ੍ਰਮਿਲਾ ਪਾਂਡੇ, ਵਿਧਾਇਕ ਸਲਿਲ ਵਿਸ਼ਨੋਈ, ਨੀਲਿਮਾ ਕਟਿਆਰ, ਸਰੋਜ ਕੁਰਿਲ, ਖੇਤਰੀ ਪ੍ਰਧਾਨ ਪ੍ਰਕਾਸ਼ ਪਾਲ, ਜ਼ਿਲ੍ਹਾ ਪ੍ਰਧਾਨ ਦੀਪੂ ਪਾਂਡੇ ਆਦਿ ਹਾਜ਼ਰ ਸਨ , ਸੀ.ਡੀ.ਪੀ.ਓ ਸੁਧੀਰ ਕੁਮਾਰ ਨੇ ਦੱਸਿਆ ਕਿ ਪੌਦੇ ਲਗਾਉਣ ਲਈ ਥਾਂ-ਥਾਂ ਟੋਏ ਪੁੱਟੇ ਗਏ ਹਨ। ਡੀਐਮ ਰਾਕੇਸ਼ ਕੁਮਾਰ ਸਿੰਘ ਨੇ ਸ਼ਹਿਰ ਵਾਸੀਆਂ ਨੂੰ ਘੱਟੋ-ਘੱਟ ਇੱਕ ਰੁੱਖ ਲਗਾਉਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਰਜਿਸਟ੍ਰੇਸ਼ਨ ਵਿਭਾਗ ਵੱਲੋਂ ਰਜਿਸਟਰੇਸ਼ਨ ਕਰਵਾਉਣ ਵਾਲੇ ਸਾਰੇ ਲੋਕਾਂ ਨੂੰ ਇੱਕ-ਇੱਕ ਬੂਟਾ ਭੇਟ ਕੀਤਾ ਜਾ ਰਿਹਾ ਹੈ। ਕੁੱਲ ਮਿਲਾ ਕੇ, ਸਰਕਾਰ ਵੱਲੋਂ ਰੁੱਖ ਲਗਾਓ - ਰੁੱਖ ਬਚਾਓ ਜਨਤਕ ਮੁਹਿੰਮ-2024 ਤਹਿਤ ਪੌਦੇ ਲਗਾਉਣ ਦੀ ਰੂਪਰੇਖਾ ਤਿਆਰ ਕੀਤੀ ਗਈ ਹੈ। 27 ਵੱਡੇ ਵਿਭਾਗ ਹਨ, ਜਿਨ੍ਹਾਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਇਸ ਵਿੱਚ ਜੰਗਲਾਤ ਵਿਭਾਗ ਨੂੰ 14 ਲੱਖ ਬੂਟੇ, ਵਾਤਾਵਰਨ ਵਿਭਾਗ ਨੂੰ 2 ਲੱਖ, ਪੇਂਡੂ ਵਿਕਾਸ ਵਿਭਾਗ ਨੂੰ 14.70 ਲੱਖ, ਪੰਚਾਇਤੀ ਰਾਜ ਨੂੰ 1.50 ਲੱਖ ਬੂਟੇ ਲਗਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਜਦੋਂ ਕਿ ਸ਼ਹਿਰੀ ਵਿਕਾਸ ਵਿਭਾਗ ਨੂੰ 1.68 ਲੱਖ ਬੂਟੇ ਲਗਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਨੂੰ 3.54 ਲੱਖ ਬੂਟੇ ਲਗਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਡੀਐਮ ਰਾਕੇਸ਼ ਕੁਮਾਰ ਸਿੰਘ ਖੁਦ 3 ਟੀਮਾਂ ਨਾਲ ਬੂਟੇ ਲਗਾਉਣ ਦੀ ਪੂਰੀ ਮੁਹਿੰਮ ਦੀ ਨਿਗਰਾਨੀ ਕਰ ਰਹੇ ਹਨ।

# ਸ਼੍ਰੀ ਗਣੇਸ਼ ਧਾਮ ਚੈਰੀਟੇਬਲ ਟਰੱਸਟ ਬਰਨਾਲਾ ਨੇ ਮੰਦਰ ਨਾਲ ਲਗਦੀ ਜਗ੍ਹਾ ਖਰੀਦੀ

## ਦਾਨੀ ਸੱਜਣਾਂ ਨੂੰ ਯਥਾ ਸ਼ਕਤੀ ਦਾਨ ਦੇਣ ਦੀ ਕੀਤੀ ਅਪੀਲ

ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਸ਼੍ਰੀ ਗਣੇਸ਼ ਧਾਮ ਚੈਰੀਟੇਬਲ ਟਰੱਸਟ (ਰਜਿ) ਗੁਰੂ ਤੇਗ ਬਹਾਦਰ ਨਗਰ ਹੰਡਿਆਇਆ ਰੋਡ ਬਰਨਾਲਾ ਵੱਲੋਂ ਮੰਦਰ ਦੇ ਨਾਲ ਲੱਗਦੀ 675 ਵਰਗ ਫੁੱਟ ਜਗ੍ਹਾ ਖਰੀਦੀ ਗਈ ਹੈ ਜਿਸ ਨਾਲ ਮੰਦਰ ਦਾ ਹਾਲ ਲਗਭਗ 35 ਫੁੱਟ ਚੌੜਾ ਅਤੇ 85 ਫੁੱਟ ਲੰਬਾ ਬਣ ਗਿਆ ਹੈ। ਹਾਲ ਦਾ ਆਕਾਰ ਵੱਡਾ ਬਣ ਜਾਣ ਕਾਰਨ ਹੁਣ ਪ੍ਰੋਗਰਾਮ ਅੰਦਰ ਹੀ ਹੋ ਜਾਇਆ ਕਰਨਗੇ। ਸ਼੍ਰੀ ਗਣੇਸ਼ ਧਾਮ ਚੈਰੀਟੇਬਲ ਟਰਸਟ ਬਰਨਾਲਾ ਨੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਹੈ ਕਿ ਉਹ ਯਥਾ ਸ਼ਕਤੀ ਦਾਨ ਦੇਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਸਾਰਿਆਂ ਦੇ ਸਹਿਯੋਗ ਨਾਲ ਮੰਦਰ ਲਈ ਖਰੀਦੀ ਗਈ ਜਗ੍ਹਾ ਦੀ ਕੀਮਤ ਅਦਾ ਕੀਤੀ ਜਾ ਸਕੇ। ਮੰਦਰ ਕਮੇਟੀ ਦੇ ਸਾਰੇ ਮੈਂਬਰਾਂ ਨੇ ਵੀ ਯਥਾ ਸ਼ਕਤੀ ਆਰਥਿਕ ਯੋਗਦਾਨ ਪਾਇਆ ਹੈ । ਜੇਕਰ ਕੋਈ ਦਾਨੀ ਸੱਜਣ ਮੰਦਰ ਲਈ ਖਰੀਦੀ ਜਗ੍ਹਾ ਲਈ ਦਾਨ ਦੇਣਾ ਚਾਹੁੰਦਾ ਹੈ ਤਾਂ ਉਹ 98155 --22294, 94176--80090, 98154-- 94222 ਤੇ ਸੰਪਰਕ ਕਰ ਸਕਦਾ ਹੈ।




# ਹਿਮਾਂਸ਼ੂ ਦਾਨੀਆ ਯਾਦਗਾਰੀ ਸਿਲਾਈ ਸੈਂਟਰ ਵਿਖੇ ਮਨਾਇਆ ਗੁਰੂ ਪੂਰਨਿਮਾ ਦਿਵਸ

ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਸੂਰਿਆਵੰਸ਼ੀ ਖੱਤਰੀ ਸਭਾ (ਰਜਿ) ਬਰਨਾਲਾ ਵੱਲੋਂ ਮੁੱਖ ਸਰਪ੍ਰਸਤ ਨੀਰਜ ਬਾਲਾ ਦਾਨੀਆ ਦੀ ਸਰਪ੍ਰਸਤੀ ਹੇਠ ਚਲਾਏ ਜਾ ਰਹੇ ਹਿਮਾਂਸ਼ੂ ਦਾਨੀਆ ਯਾਦਗਾਰੀ ਸਿਲਾਈ ਸੈਂਟਰ ਸਲਾਣੀ ਪੱਤੀ ਹੰਡਿਆਇਆ ਵਿਖੇ ਗੁਰੂ ਪੂਰਨਿਮਾ ਦਿਵਸ ਮਨਾਇਆ ਗਿਆ । ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸੂਰਿਆਵੰਸ਼ੀ ਖੱਤਰੀ ਸਭਾ ਦੇ ਸਰਪ੍ਰਸਤ ਸੁਖਵਿੰਦਰ ਸਿੰਘ ਭੰਡਾਰੀ ਨੇ ਗੁਰੂ ਪੂਰਨਿਮਾ ਬਾਰੇ ਬੋਲਦਿਆਂ ਕਿਹਾ ਕਿ ਮਹਾਂਭਾਰਤ ਗ੍ਰੰਥ ਦੇ ਰਚਾਇਤਾ ਮਹਾਰਿਸ਼ੀ ਵੇਦ ਵਿਆਸ ਜੀ ਦਾ ਇਸ ਦਿਨ ਜਨਮ ਹੋਇਆ ਸੀ। ਗੁਰੂ ਪੂਰਨਿਮਾ ਦੇ ਦਿਨ ਦਾਨ ਪੁੰਨ ਕਰਨ ਅਤੇ ਗੁਰੂਆਂ ਨੂੰ ਗੁਰੂ ਦਖਸ਼ਣਾ ਦੇਣਾ ਬਹੁਤ ਮਹੱਤਵਪੂਰਨ ਅਤੇ ਫ਼ਲਦਾਈ ਹੁੰਦਾ ਹੈ। ਇਹ ਦਿਨ ਹਾੜ ਮਹੀਨੇ ਦੀ ਸ਼ੁਕਲ ਪੱਖ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ । ਇਸ ਦਿਨ ਸ਼੍ਰੀ ਵੇਦ ਵਿਆਸ ਜੀ ਨੇ ਭਾਗਵਤ ਪੁਰਾਣ ਦਾ ਵੀ ਗਿਆਨ ਦਿੱਤਾ ਸੀ। ਸ਼੍ਰੀ ਵੇਦ ਵਿਆਜੀ ਨੇ ਮਹਾਂਭਾਰਤ, 18 ਪੁਰਾਣ ਅਤੇ ਬ੍ਰਹਮ ਸੂਤਰ ਦੀ ਰਚਨਾ ਕੀਤੀ ਸੀ। ਇਸ ਮੌਕੇ ਸਿਲਾਈ ਸੈਂਟਰ ਦੀਆਂ ਸਮੂਹ ਲੜਕੀਆਂ ਨੇ ਗੁਰੂ ਪੂਜਨ ਕੀਤਾ। ਸਿਲਾਈ ਸੈਂਟਰ ਦੀ ਪ੍ਰਿੰਸੀਪਲ ਹਰਜਿੰਦਰ ਕੌਰ ਦਾ ਸ਼ਾਨਦਾਰ ਢੰਗ ਨਾਲ ਸਨਮਾਨ ਕੀਤਾ ਗਿਆ। ਗੁਰੂ ਨੂੰ ਮਿਠਾਈ ਭੇਂਟ ਕੀਤੀ, ਸਿਰੋਪਾ ਭੇਂਟ ਕੀਤਾ ਗਿਆ ਅਤੇ ਗੁਰੂ ਦਕਸ਼ਣਾ ਵੀ ਦਿੱਤੀ ਗਈ । ਇਸ ਮੌਕੇ ਪ੍ਰਿੰਸੀਪਲ ਹਰਜਿੰਦਰ ਕੌਰ ਨੇ ਆਪਣੀਆਂ ਵਿਦਿਆਰਥਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਤੁਸੀਂ ਆਪਣੇ ਘਰਾਂ ਚ ਵੀ ਵੱਡਿਆਂ ਦਾ ਜਿਵੇਂ ਕਿ ਮਾਂ-ਬਾਪ ਅਤੇ ਸੱਸ- ਸਹੁਰੇ ਦਾ ਸਤਿਕਾਰ ਕਰਿਆ ਕਰੋ। ਵੱਡਿਆਂ ਦੇ ਸਤਿਕਾਰ ਕਰਨ ਨਾਲ ਛੋਟਿਆਂ ਨੂੰ ਹਮੇਸ਼ਾ ਅਸ਼ੀਰਵਾਦ ਮਿਲਦਾ ਹੈ ਅਤੇ ਘਰਾਂ ਚ ਖੁਸ਼ੀਆਂ ਭਰਿਆ ਮਾਹੌਲ ਬਣਿਆ ਰਹਿੰਦਾ ਹੈ। ਇਸ ਦੌਰਾਨ ਸਮੂਹ ਲੜਕੀਆਂ ਨੂੰ ਲੱਡੂ ਵੀ ਵੰਡੇ ਗਏ। ਇਸ ਮੌਕੇ ਖੱਤਰੀ ਸਭਾ ਦੇ ਪ੍ਰਧਾਨ ਮੰਗਲੀ ਵਰਮਾ, ਸੋਮਾ ਭੰਡਾਰੀ, ਰਾਕੇਸ਼ ਜਿੰਦਲ ਐਮ ਡੀ ਜਿੰਦਲ ਸਟੀਲ ਇੰਡਸਟਰੀਜ, ਬਬੀਤਾ ਜਿੰਦਲ ਪ੍ਰੋਗਰਾਮ ਸੀਨੀਅਰ ਸਿਟੀਜਨ ਸੋਸਾਇਟੀ ਦੇ ਮਹਿਲਾ ਵਿੰਗ ਦੇ ਪ੍ਰਧਾਨ, ਹਰਵਿੰਦਰ ਕੌਰ ਪੰਮੀ, ਸਪਨਾ ਗਰਗ, ਮੁਕੇਸ਼ ਗਰਗ, ਅਸ਼ਵਨੀ ਕੁਮਾਰ ਸ਼ਰਮਾ, ਮੁਨੀਸ਼ ਗੋਇਲ, ਕੇਵਲ ਕ੍ਰਿਸ਼ਨ, ਕੁਦਰਤ ਕੌਰ, ਰੇਸ਼ਮ ਕੌਰ, ਸੰਦੀਪ ਕੌਰ, ਚਰਨਜੀਤ ਕੌਰ, ਜਸਵੀਰ ਕੌਰ, ਮਮਤਾ, ਜਸ਼ਨਦੀਪ ਕੌਰ, ਅਮਨਦੀਪ ਕੌਰ, ਵੀਰਪਾਲ ਕੌਰ, ਜਸਪਾਲ ਕੌਰ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



# ਵਿਜਨ ਇੰਸਟੀਚਿਊਟ ਖਰੜ ਵਲੋਂ ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਕਰਵਾਇਆ ਸਮਾਗਮ

ਖਰੜ, ( ਕਾਲਾ ਸਿੰਘ ਸੈਣੀ ):-ਵਿਜ਼ਨ ਇੰਸਟੀਚਿਊਟ ਖਰੜ ਵਲੋਂ ਵਿਦਿਆਰਥੀਆਂ ਵਲੋਂ ਸਿੱਖਿਆ ਖੇਤਰ ਵਿਚ ਪ੍ਰਾਪਤੀਆਂ ਨੂੰ ਵੇਖਦੇ ਹੋਏ ਉਨਾਂ ਦਾ ਸਨਮਾਨ ਕਰਨ ਲਈ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਉਘੇ ਸਿੱਖਿਅਕ ਸ੍ਰੀ ਅਮਿਤ ਹੰਸ ਵਲੋਂ ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋ ਭਾਗ ਲਿਆ ਅਤੇ ਪੰਕਜ ਰੌਕੀ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਸਮਾਗਮ ਦੀ ਸ਼ੁਰੂਆਤ ਕੋਮਲਪ੍ਰੀਤ ਕੌਰ ਨੇ ਗੀਤ ਗਾ ਕੇ ਕੀਤੀ ਅਤੇ ਲਖਵੀਰ ਅਤੇ ਸ਼ਿਵਮ ਵਲੋਂ ਸਭਿਆਚਾਰਕ ਪੇਸ਼ਕਾਰੀਆਂ ਗਈਆਂ। ਅਮਿਤ ਹੰਸ ਨੇ ਸਮਾਰੋਹ ਨੂੰ ਸੰਬੋਧਨ ਕਰਦਿਆ ਕਿਹਾ ਕਿ ਵਿਦਿਆਰਥੀਆਂ ਨੂੰ ਪੜਾਈ ਦੇ ਨਾਲ ਨਾਲ ਸਰਬਪੱਖੀ ਵਿਕਾਸ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਅੱਜ ਦੇ ਮੁਕਾਬਲੇ ਦੇ ਯੁੱਗ ਵਿਚ ਵਿਦਿਆਰਥੀਆਂ ਅੱਗੇ ਹੋ ਕੇ ਕੰਮ ਕਰ ਰਹੇ ਹਨ। ਇੰਸਟੀਚਿਊਟ ਦੇ ਮੁੱਖ ਪ੍ਰਬੰਧਕ ਨਵਨੀਤ ਸਿੰਘ ਬਡਵਾਲ ਨੇ ਸਮਾਗਮ ਦੀ ਸਫਲਤਾ ਪੂਰਵਕ ਅਰਸ਼ਨੂਰ ਸੋਮਲ, ਮੰਨਤ ਜੈਨ, ਗੁਰਮਨ, ਚਰਨਦੀਪ ਔਜਲਾ ਅਤੇ ਲਕਸ਼ੈ ਜੈਨ ਦਾ ਵਿਸੇਸ ਤੌਰ ਤੇ ਧੰਨਵਾਦ ਕੀਤਾ। ਉਨਾਂ ਕਿਹਾ ਕਿ ਇਸ ਇੰਸਚਿਊਟ ਦੇ ਵਿਦਿਆਰਥੀ ਪੜਾਈ ਦੇ ਨਾਲ ਹਰ ਖੇਤਰ ਵਿਚ ਅੱਗੇ ਮੋਹਰੀ ਹੋ ਕੇ ਭੂਮਿਕਾ ਨਿਭਾ ਕੇ ਇੰਸਟੀਚਿਊਟ ਅਤੇ ਮਾਪਿਆਂ ਦਾ ਨਾਂ ਰੌਸ਼ਨ ਕਰ ਰਹੇ ਹਨ। ਸਮਾਗਮ ਵਿਚ ਇੰਸਟੀਚਿਊਟ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀ ਹਾਜ਼ਰ ਸਨ।




# ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਸਕੂਲ ਕੈਂਪਸ ਵਿਚ ਫਲਾਂਦਾਰ ਮੈਡੀਕੇਟਿਡ ਪੌਦੇ ਲਗਾਏ



ਖਰੜ, (ਕਾਲਾ ਸਿੰਘ ਸੈਣੀ ):-ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਖਰੜ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਵਾਤਾਵਰਣ ਦੀ ਸ਼ੁੱਧਤਾਂ ਲਈ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਮੈਡੀਕੇਟਿਡ, ਫਲਦਾਰ ਪੌਦੇ ਲਗਾਏ। ਇਸ ਮੌਕੇ ਡੀ.ਐਸ.ਪੀ.ਖਰੜ ਕਰਨ ਸਿੰਘ ਸੰਧੂ ਨੇ ਅੰਬ,ਆਂਵਲੇ ਦਾ ਬੂਟਾ ਲਗਾਇਆ। ਉਨਾਂ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾਂ ਲਈ ਸਾਨੂੰ ਸਾਰਿਆਂ ਨੂੰ ਅੱਗੇ ਹੋ ਕੇ ਪੌਦੇ ਲਗਾਉਣੇ ਚਾਹੀਦੇ ਹਨ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਕਾਰਜਕਾਰਨੀ ਮੈਂਬਰ ਭਜ਼ਨ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਪੰਜਾਬ ਵਿਚ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਇਸ ਮੋਕੇ ਸਕੂਲ ਦੇ ਪ੍ਰਿੰਸੀਪਲ ਜਸਬੀਰ ਸਿੰਘ ਧਨੋਆ, ਜੋਰਾ ਸਿੰਘ ਚੱਪੜਚਿੜੀ, ਕਲੱਬ ਦੇ ਪ੍ਰਧਾਨ ਪੰਕਜ ਚੱਢਾ, ਗੁਰਮੁੱਖ ਸਿੰਘ ਮਾਨ, ਲਾਇਨਜ਼ ਇੰਟਰਨੈਸ਼ਨਲ 32 ਐਫ ਦੇ ਜੋਨ ਚੇਅਰਪਰਸਨ ਪਰਮਪ੍ਰੀਤ ਸਿੰਘ, ਮਨਿੰਦਰ ਸਿੰਘ, ਮਨੋਜ਼ ਕੁਮਾਰ, ਕੁਲਦੀਪ ਸਿੰਘ ਢਿਲੋਂ, ਵਨੀਤ ਜੈਨ ਬਿੱਟੂ ਮਿਊਸਪਲ ਕੌਸਲਰ,ਸਕੂਲ ਦੇ ਮਾਲੀ ਹਰਪ੍ਰੀਤ ਸਿੰਘ ਹੈਪੀ ਸਮੇਤ ਸਕੂਲ ਦੇ ਸਟਾਫ ਮੈਂਬਰ ਹਾਜ਼ਰ ਸਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਸੈਕਟਰ-32 ਦੀ ਪਾਰਕ ਵਿਚ ਵਾਧਾਵਰਣ ਦੀ ਸ਼ੁੱਧਤਾਂ ਲਈ ਪੌਦੇ ਲਗਾਏ




ਖਰੜ, ( ਕਾਲਾ ਸਿੰਘ ਸੈਣੀ ):-ਚੰਡੀਗੜ ਦੇ ਸੈਕਟਰ-32 ਦੀ ਪਾਰਕ ਵਿਚ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ। ਮਿਊਸਪਲ ਕਾਰਪੋਰੇਸ਼ਨ ਚੰਡੀਗੜ ਦੇ ਵਾਰਡ ਨੰ: 22 ਦੀ ਮਿਊਸਪਲ ਕੌਂਸਲਰ ਮੈਡਮ ਅੰਜੂ ਕਤਿਆਲ ਵਲੋਂ ਪਾਰਕ ਵਿਚ ਪੌਦਾ ਲਗਾਇਆ ਗਿਆ। ਉਨਾਂ ਕਿਹਾ ਕਿ ਜੋ ਪੌਦੇ ਲਗਾਏ ਜਾ ਰਹੇ ਹਨ ਉਨਾਂ ਦੀ ਦੇਖਭਾਲ ਕਰਕੇ ਸਾਨੂੰ ਵੱਡੇ ਰੁੱਖ ਬਣਾਉਣੇ ਚਾਹੀਦੇ ਹਨ। ਰੁੱਖ ਸਾਨੂੰ ਵਾਤਾਵਰਣ ਸਾਫ ਸੁੱਥਰਾ ਰੱਖਣ ਲਈ ਪ੍ਰੇਰਿਤ ਕਰਦੇ ਹਨ। ਉਨਾਂ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਾਂ ਕਿ ਅਸੀ ਸਾਫ ਸੁੱਥਰਾ ਵਾਤਾਵਰਣ ਸਿਰਜ ਸਕੀਏ। ਉਨਾਂ ਸਕੂਲ ਦੇ ਬੱਚਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮੌਸਮ ਵਿਚ ਇੱਕ ਪੌਦਾ ਜ਼ਰੂਰ ਲਗਾਉਣ ਅਤੇ ਉਸਦੀ ਦੇਖਭਾਲ ਕਰਨ। ਇਸ ਮੋਕੇ ਸਰਕਾਰੀ ਮਾਡਲ ਹਾਈ ਸਕੂਲ ਚੰਡੀਗੜ ਦੀ ਪ੍ਰਿੰਸੀਪਲ ਮੈਡਮ ਰੂਬੀ ਜੀ, ਰਾਜੇਸ਼ ਕੁਮਾਰ ਜੀ, ਅਰਵਿੰਦਰ ਕੌਰ ਜੀ, ਸੁਨੀਲ ਕੁਮਾਰ, ਦਵਿੰਦਰ ਕੁਮਾਰ, ਸਰਬਜੀਤ ਕੌਰ ਸੈਣੀ, ਸੋਨੀਆਂ, ਇਕਬਾਲ ਕੌਰ, ਕਾਕਾ ਜੀ, ਰਜਨੀਸ਼ ਕੁਮਾਰ ਸਮੇਤ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਖਾਲਸਾ ਹਾਕੀ ਅਕੈਡਮੀ ਖਰੜ ਦੇ ਤਿੰਨ ਬੱਚਿਆਂ ਦੀ ਅੰਡਰ 14 ਟੀਮ ਲਈ ਹੋਈ ਚੋਣ




ਖਰੜ,20 ਜੁਲਾਈ ( ਕਾਲਾ ਸਿੰਘ ਸੈਣੀ ):-ਸੀਨੀਅਰ ਸੈਕੰਡਰੀ ਸਕੂਲ ਪਿੰਡ ਰਾਮਪੁਰ ਦੇ ਰਿਹਾਇਸ਼ੀ ਸਪੋਰਟਸ ਵਿੰਗ ਲਈ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ 18 ਖਿਡਾਰੀ ਚੁਣੇ ਗਏ। ਇਸ ਚੋਣ ਪ੍ਰਕੀਰੀਆਂ 'ਚ ਖਾਲਸਾ ਹਾਈ ਅਕੈਡਮੀ ਖਰੜ ਦੇ ਤਿੰਨ ਬੱਚੇ ਜੈਯਦਿੱਤੀਆ,ਸਿਰਮਨਜੋਤ ਸਿੰਘ ਅਤੇ ਜਸਪ੍ਰੀਤ ਸਿੰਘ ਅੰਡਰ 14 ਟੀਮ ਲਈ ਚੁਣੇ ਗਏ। ਜਿਨਾਂ ਦੀ ਚੋਣ ਜਿਲਾ ਖੇਡ ਅਫ਼ਸਰ ਲੁਧਿਆਣਾ ਰੁਪਿੰਦਰ ਸਿੰਘ ਬਰਾੜ,ਸਪੋਰਟਸ ਕੋਆਰਡੀਨੇਟਰ ਕੁਲਵੀਰ ਸਿੰਘ ਮਾਨ ਦੀ ਸਰਪ੍ਰਸਤੀ ਹੇਠ ਖੇਡ ਯੋਗਤਾ ਦੇ ਅਧਾਰ ਤੇ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਟੀਮ ਦੇ ਕੋਚ ਪ੍ਰਤਾਪ ਸਿੰਘ ਖਾਲਸਾ,ਜਗਦਿਓ ਸਿੰਘ, ਬਲਵਿੰਦਰ ਸਿੰਘ ਤੋਤਾ (ਆਰ.ਸੀ.ਐਫ.) ਨੇ ਦੱਸਿਆ ਕਿ ਅਕੈਡਮੀ 'ਚ ਇਸ ਸਮੇਂ 25 ਦੇ ਕਰੀਬ ਬੱਚੇ ਹਾਕੀ ਦੀ ਸਿਖਲਾਈ ਲੈ ਰਹੇ ਹਨ। ਉਨਾਂ ਵਲੋਂ ਪਿੱਛਲੇ ਤਿੰਨ ਕੁ ਸਾਲਾਂ ਤੋਂ ਬੱਚਿਆਂ ਨੂੰ ਫ੍ਰੀ ਸਿਖਲਾਈ ਦਿੱਤੀ ਜਾਂਦੀ ਹੈ। ਉਨਾਂ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਨਾਂ ਨੂੰ ਅੱਜ ਬਹੁਤ ਖੁਸ਼ੀ ਹੈ ਕਿ ਉਨਾਂ ਮਿਹਨਤ ਸਦਕਾ ਬੱਚਿਆਂ ਨੇ ਉਨਾਂ ਦੀ ਅਕੈਡਮੀ ਦਾ ਨਾਮ ਉੱਚਾ ਕੀਤਾ ਹੈ। ਜੋ ਕਿ ਸ਼ਹਿਰ ਖਰੜ ਦੇ ਲਈ ਵੀ ਮਾਣ ਵਾਲੀ ਗੱਲ ਹੈ।

# ਲੇਖਕ ਪਾਠਕ ਸਾਹਿਤ ਸਭਾ ਰਜਿ ਦੀ ਕਾਰਜਕਾਰਨੀ ਦੀ ਮੀਟਿੰਗ ਹੋਈ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਬੀਤੇ ਦਿਨੀਂ ਲੇਖਕ ਪਾਠਕ ਸਾਹਿਤ ਸਭਾ (ਰਜਿ.) ਬਰਨਾਲਾ ਦੀ ਕਾਰਜਕਾਰਨੀ ਦੀ ਆਨ ਲਾਈਨ ਮੀਟਿੰਗ ਸਭਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਸਭਾ ਦੇ ਪ੍ਰੈੱਸ ਸਕੱਤਰ ਮਾਲਵਿੰਦਰ ਸ਼ਾਇਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਭਾ ਦੇ ਕਾਰਜਕਾਰਨੀ ਮੈਂਬਰਾਂ ਵੱਲੋਂ ਕਈ ਅਹਿਮ ਮੁੱਦਿਆਂ ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਅੱਗੋਂ ਕਰਵਾਏ ਜਾਣ ਵਾਲੇ ਸਮਾਗਮਾਂ ਦੀ ਰੂਪ ਰੇਖਾ ਤਿਆਰ ਕੀਤੀ ਗਈ। ਸਭਾ ਦੇ ਮੀਤ ਪ੍ਰਧਾਨ ਵੱਲੋਂ ਆਪਣੇ ਅਹੁਦੇ ਤੋਂ ਦਿੱਤੇ ਤਿਆਗ ਪੱਤਰ ਬਾਰੇ ਵੀ ਫ਼ੈਸਲਾ ਲਿਆ ਗਿਆ। ਸਭਾ ਵੱਲੋਂ ਪ੍ਰਕਾਸ਼ਿਤ ਕਰਵਾਏ ਜਾ ਰਹੇ ਕੁਲਵੀਰ ਕੌਰ ਜੋਤੀ ਦੇ ਨਾਵਲ ਦੋ ਪੁਲਾਂਘਾਂ ਦੂਰ ਬਾਰੇ ਵੀ ਤਾਜ਼ਾ ਸਥਿੱਤੀ ਤੋਂ ਜਾਣੂ ਕਰਵਾਇਆ ਗਿਆ।

ਇਸ ਮੀਟਿੰਗ ਵਿੱਚ ਕਾਰਜਕਾਰਨੀ ਮੈਂਬਰਾਂ ਵਿੱਚ ਜਨਰਲ ਸਕੱਤਰ ਡਾਕਟਰ ਅਮਨਦੀਪ ਸਿੰਘ ਟੱਲੇਵਾਲੀਆ, ਵਿੱਤ ਸਕੱਤਰ ਜੈਸਮੀਨ ਕੌਰ, ਚਤਿੰਦਰ ਰੁਪਾਲ, ਮਨਦੀਪ ਕੁਮਾਰ ਆਦਿ ਹਾਜ਼ਰ ਸਨ।

# ਸਿਹਤ ਵਿਭਾਗ ਦੀ ਟੀਮ ਨੇ ਘਰ ਘਰ ਜਾ ਕੇ ਡੇਂਗੂ ਵਿਰੋਧੀ ਮੁਹਿੰਮ ਚਲਾਈ

## ਬਿਮਾਰੀਆਂ ਤੋਂ ਬਚਾਅ ਲਈ ਆਪਣੇ ਘਰਾਂ ਦੀ ਸਫਾਈ ਜਰੂਰੀ:ਰਾਜਵੀਰ ਐਸਆਈ

ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਸਿਵਲ ਸਰਜਨ ਸੰਗਰੂਰ ਡਾਕਟਰ ਕਿਰਪਾਲ ਸਿੰਘ ਅਤੇ ਐਸਐਮਓ ਸ਼ੇਰਪੁਰ ਡਾਕਟਰ ਮੁਹੰਮਦ ਅਖਤਰ ਕਮਿਊਨਿਟੀ ਹੈਲਥ ਸੈਂਟਰ ਸ਼ੇਰਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਵੱਲੋਂ -ਘਰ ਜਾ ਕੇ ਡੇਂਗੂ-ਵਿਰੋਧੀ ਮੁਹਿੰਮ ਚਲਾਈ ਗਈ ਅਤੇ ਮੱਛਰ ਦਾ ਲਾਰਵਾ ਚੈੱਕ ਕੀਤਾ ਗਿਆ। ਮੱਛਰ ਤੋਂ ਬਚਾਅ ਲਈ ਸਪਰੇਅ ਵੀ ਕਰਵਾਈ ਗਈ। ਐਸਆਈ ਰਾਜਵੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਜਿਥੇ ਜਾਂਚ ਦਾ ਕੰਮ ਕਰ ਰਹੀਆਂ ਹਨ, ਉਥੇ ਲੋਕਾਂ ਨੂੰ ਡੇਂਗੂ ਬੁਖ਼ਾਰ ਤੋਂ ਬਚਾਅ ਲਈ ਸਾਵਧਾਨੀਆਂ, ਬੁਖ਼ਾਰ ਦੇ ਲੱਛਣਾਂ, ਕਾਰਨਾਂ ਅਤੇ ਇਲਾਜ ਬਾਰੇ ਵੀ ਜਾਣਕਾਰੀ ਦੇ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਡੇਂਗੂ ਤੋਂ ਬਚਾਅ ਲਈ ਉਹ ਅਪਣੇ ਘਰਾਂ ਅਤੇ ਆਲੇ-ਦੁਆਲੇ ਕਿਤੇ ਵੀ ਪਾਣੀ ਖੜਾ ਨਾ ਹੋਣ ਦੇਣ । ਉਨ੍ਹਾਂ ਕਿਹਾ ਕਿ ਜੇ ਕਿਸੇ ਕਾਰਨ ਡੇਂਗੂ ਬੁਖ਼ਾਰ ਹੋ ਜਾਂਦਾ ਹੈ ਤਾਂ ਘਬਰਾਉਣ ਦੀ ਲੋੜ ਨਹੀਂ। ਮਰੀਜ਼ ਨੂੰ ਸਰਕਾਰੀ ਸਿਹਤ ਸੰਸਥਾ ਵਿਚ ਲਿਆਂਦਾ ਜਾਵੇ, ਜਿਥੇ ਡੇਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਹੈ। ਮਰੀਜ਼ ਤਰਲ ਪਦਾਰਥਾਂ ਜਿਵੇਂ ਪਾਣੀ, ਜੂਸ, ਨਿੰਬੂ ਪਾਣੀ, ਨਾਰੀਅਲ ਪਾਣੀ ਆਦਿ ਦਾ ਵੱਧ ਤੋਂ ਵੱਧ ਸੇਵਨ ਕਰੇ ਅਤੇ ਆਰਾਮ ਕਰੇ। ਕਿਸੇ ਤਰ੍ਹਾਂ ਦੀ ਜਾਣਕਾਰੀ ਲਈ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ। " ਡੇਂਗੂ ਬੁਖ਼ਾਰ ਦੇ ਲੱਛਣ ਡੇਂਗੂ ਇਕ ਬੁਖ਼ਾਰ ਹੈ ਜੋ ਏਡੀਜ਼ ਅਜਿਪਟੀਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ'ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨਵਗਣਾ, ਜੀ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ। ਡੇਂਗੂ ਫੈਲਾਉਣ ਵਾਲੇ ਮੱਛਰ ਖੜੇ ਸਾਫ਼ ਪਾਣੀ ਵਿਚ ਪਲਦੇ ਹਨ ਜਿਵੇਂ ਕੂਲਰਾਂ, ਪਾਣੀ ਦੀਆਂ ਟੈਂਕੀਆਂ, ਫੁੱਲਾਂ ਦੇ ਗਮਲਿਆਂ, ਫ਼ਰਿੱਜਾਂ ਪਿੱਛੇ ਲੱਗੀ ਟਰੇਅ, ਟੁੱਟੇ-ਭੱਜੇ/ਸੁੱਟੇ ਭਾਂਡਿਆਂ




ਅਤੇ ਖ਼ਾਲੀ ਪਏ ਟਾਇਰਾਂ ਅਤੇ ਪਾਣੀ ਵਾਲੇ ਢੋਲਾਂ ਆਦਿ ਵਿਚ। ਇਨ੍ਹਾਂ ਵਿਚ ਪਾਣੀ ਨਾ ਖੜਾ ਹੋਣ ਦਿੱਤਾ ਜਾਵੇ। ਇਸ ਮੌਕੇ ਰਾਜਵੀਰ ਸਿੰਘ ਮਪਸ ਮੇਲ,ਕੁਲਦੀਪ ਸਿੰਘ ਮਪਹਵ ਮੇਲ,ਰੇਸਮ ਸਿੰਘ ਮਪਹਵ ਮੇਲ,ਜਗਸੀਰ ਸਿੰਘ ਮਪਹਵ ਮੇਲ
ਸੈਕਟਰ ਸੇਰਪੁਰ ਆਦਿ ਮਜੌਦ ਸਨ।

# ਮੁੱਖ ਮੰਤਰੀ ਭਗਵੰਤ ਮਾਨ ਨੇ ਐੱਸ. ਸੀ. ਵਿੰਗ ਪੰਜਾਬ ਦੇ ਪ੍ਰਮੁੱਖ ਆਗੂਆਂ ਨਾਲ ਕੀਤੀ ਮੀਟਿੰਗ

## ਮੀਟਿੰਗ ਦੌਰਾਨ ਦਲਿਤ ਸਮਾਜ ਦੇ ਲੋਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆ ਸੰਬੰਧੀ ਕੀਤੀਆਂ ਵਿਚਾਰਾਂ



ਫਗਵਾੜਾ (ਜੀਵਨ ਸੰਘਾ) ਚੰਡੀਗੜ੍ਹ ਵਿਖੇ ਸਥਿਤ ਮੁੱਖ ਮੰਤਰੀ ਨਿਵਾਸ ਤੇ ਆਮ ਆਦਮੀ ਪਾਰਟੀ ( ਐੱਸ.ਸੀ. ਵਿੰਗ ) ਦੇ ਸੂਬਾ ਪ੍ਰਧਾਨ ਅਤੇ ਮਹਿਲਕਲਾਂ ਤੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਅਗਵਾਈ ਵਿੱਚ ਐੱਸ.ਸੀ. ਵਿੰਗ ਦੀ ਸੂਬਾ ਕਮੇਟੀ ਦੀ ਇੱਕ ਅਹਿਮ ਮੀਟਿੰਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨਾਲ ਹੋਈ ਜਿਸ ਵਿੱਚ ਵਿੰਗ ਵਲੋਂ ਜਿੱਥੇ ਪਾਰਟੀ ਵਲੋਂ ਜਲੰਧਰ ਪੱਛਮੀ ਜ਼ਿਮਨੀ ਚੋਣ ਜਿੱਤਣ ਦੀ ਵਧਾਈ ਦਿੱਤੀ ਉੱਥੇ ਹੀ ਪੰਜਾਬ ਵਿੱਚ ਦਲਿਤ ਸਮਾਜ ਸਬੰਧੀ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਕੀਮਾਂ ਅਤੇ ਦਲਿਤ ਸਮਾਜ ਨੂੰ ਆ ਰਹੀਆਂ ਸਮੱਸਿਆਵਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਐੱਸ.ਸੀ. ਵਿੰਗ ਦੇ ਸੂਬਾ ਜਨਰਲ ਸਕੱਤਰ ਜਰਨੈਲ ਨੰਗਲ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਦਲਿਤ ਸਮਾਜ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬਹੁਤ ਗੰਭੀਰ ਹਨ ਅਤੇ ਕਈ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਜਿਸਦਾ ਦਲਿਤ ਸਮਾਜ ਦੇ ਲੋਕਾਂ ਵਲੋਂ ਲਾਭ ਉਠਾਇਆ ਜਾ ਰਿਹਾ ਹੈ । ਉਹਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਇਹ ਭਰੋਸਾ ਦਵਾਇਆ ਗਿਆ ਕਿ ਦਲਿਤ ਸਮਾਜ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦਾ ਜਲਦ ਹੱਲ ਕੀਤਾ ਜਾਵੇਗਾ । ਇਸ ਮੌਕੇ ਐੱਸ. ਸੀ. ਵਿੰਗ ਦੇ ਸੂਬਾ ਉੱਪ ਪ੍ਰਧਾਨ ਰਵਿੰਦਰ ਹੰਸ , ਅਮਰੀਕ ਸਿੰਘ ਬੰਗੜ , ਬਲਜਿੰਦਰ ਸਿੰਘ ਚੌਂਦਾ , ਗੁਰਜੰਟ ਸਿੰਘ ਸਿਵੀਆ ਸੂਬਾ ਸਕੱਤਰ , ਜੱਸੀ ਸੋਹੀਆਂਵਾਲਾ , ਰੋਹਿਤ ਖੋਖਰ , ਨਰਿੰਦਰ ਘਾਗੋ ਅਤੇ ਬਲੌਰ ਸਿੰਘ ਵੀ ਹਾਜ਼ਰ ਸਨ ।

# ਮੁਲਾਜ਼ਮਾਂ ਦੇ ਪ੍ਰਮੁੱਖ ਆਗੂ ਰਣਬੀਰ ਸਿੰਘ ਢਿੱਲੋਂ ਦੇ ਸਦੀਵੀ ਵਿਛੋੜਾ ਦੇ ਜਾਣ ਤੇ ਮੁਲਾਜ਼ਮ ਜਥੇਬੰਦੀਆਂ ਨੇ ਕੀਤਾ ਡੂੰਘੇ ਦੁੱਖ ਦਾ ਪ੍ਰਗਟਾਵਾ

ਫਰੀਦਕੋਟ, 20 ਜੁਲਾਈ ( ) 1961 ਦੇ ਦਹਾਕੇ ਤੋਂ ਲੈ ਕੇ ਹੁਣ ਤੱਕ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਅਨੇਕ ਜੇਤੂ ਘੋਲਾਂ ਦੇ ਜਰਨੈਲ ਰਹੇ ਕਾਮਰੇਡ ਰਣਬੀਰ ਸਿੰਘ ਢਿੱਲੋਂ ਬੀਤੇ ਕੱਲ 92 ਸਾਲ ਦੀ ਉਮਰ ਭੋਗਕੇ ਸਦੀਵੀ ਵਿਛੋੜਾ ਦੇ ਗਏ। ਉਨਾਂ ਦੇ ਸਦੀਵੀ ਵਿਛੋੜਾ ਦੇ ਜਾਣ ਦੀ ਖਬਰ ਫੈਲਦੇ ਹੀ ਮੁਲਾਜ਼ਮ ਵਰਗ ਵਿੱਚ ਅਫਸੋਸ ਅਤੇ ਗਮ ਸੀ ਲਹਿਰ ਪੈਦਾ ਹੋ ਗਈ। ਪੰਜਾਬ ਪੈਨਸ਼ਨਰਜ ਯੂਨੀਅਨ ਏਟਕ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ, ਜ਼ਿਲ੍ਹਾ ਫਰੀਦਕੋਟ ਦੇ ਸਰਪ੍ਰਸਤ ਅਸ਼ੋਕ ਕੌਸ਼ਲ, ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ, ਇਕਬਾਲ ਸਿੰਘ ਮੰਘੇੜਾ, ਸੋਮ ਨਾਥ ਅਰੋੜਾ ਅਤੇ ਗੁਰਚਰਨ ਸਿੰਘ ਮਾਨ ਨੇ ਸਾਥੀ ਢਿੱਲੋਂ ਦੀ ਮੌਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਦੇ ਹੋਏ ਕਿਹਾ ਕਿ 1960 ਦੇ ਦਹਾਕੇ ਤੋਂ ਲੈ ਕੇ ਹੁਣ ਤੱਕ ਕਰੀਬ 60-65 ਸਾਲ ਰਣਬੀਰ ਸਿੰਘ ਢਿੱਲੋਂ ਨੇ ਮੁਲਾਜ਼ਮ ਵਰਗ ਦੇ ਅਨੇਕ ਜੇਤੂ ਘੋਲਾਂ ਦੀ ਅਗਵਾਈ ਕੀਤੀ। ਇਸ ਸਮੇਂ ਵੀ ਉਹ ਪੰਜਾਬ ਦੇ ਮੁਲਾਜ਼ਮਾਂ ਦੀ ਪ੍ਰਮੁੱਖ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾਈ ਚੇਅਰਮੈਨ ਅਤੇ ਆਲ ਇੰਡੀਆ ਸਟੇਟ ਇੰਪਲਾਈਜ਼ ਕਨਫੈਡਰੇਸ਼ਨ ਦੇ ਕੌਮੀ ਮੁੱਖ ਸਲਾਹਕਾਰ ਸਨ। ਸਾਥੀ ਢਿੱਲੋਂ ਦੀ ਨਿਧੜਕ ਅਤੇ ਸੂਝਵਾਨ ਅਗਵਾਈ ਹੇਠ ਹੀ ਪੰਜਾਬ ਦੇ ਮੁਲਾਜ਼ਮਾਂ ਨੇ ਕੇਂਦਰੀ ਪੈਟਰਨ ਤੇ ਮਹਿੰਗਾਈ ਭੱਤਾ, ਮਕਾਨ ਕਿਰਾਇਆ ਭੱਤਾ, ਚੰਗੇ ਤਨਖ਼ਾਹ ਸਕੇਲ ਅਤੇ ਚੰਡੀਗੜ੍ਹ ਦੇ ਮੁਲਾਜ਼ਮਾਂ ਲਈ ਸੀ ਸੀ ਏ ਆਦਿ ਅਨੇਕ ਪ੍ਰਾਪਤੀਆਂ ਕੀਤੀਆਂ। ਉਹ ਮੁਲਾਜ਼ਮ ਸੰਘਰਸ਼ਾਂ ਦਾ ਚਲਦਾ ਫਿਰਦਾ ਇਤਿਹਾਸ ਅਤੇ ਸੀ ਐਸ ਆਰ ਸਨ। ਉਨਾਂ ਦੇ ਜਾਣ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ ਹੈ।

ਬਿਜਲੀ ਮੁਲਾਜ਼ਮਾਂ ਦੇ ਪੈਨਸ਼ਨਰ ਆਗੂ ਚੰਦ ਸਿੰਘ ਡੋਡ, ਇੰਦਰਜੀਤ ਸਿੰਘ ਗਿੱਲ ਅਤੇ ਰਮੇਸ਼ ਕੌਸ਼ਲ , ਪੀ ਆਰ ਟੀ ਸੀ ਦੀ ਏਟਕ ਜੱਥੇਬੰਦੀ ਦੇ ਆਗੂਆਂ ਗੁਰਦੀਪ ਭੋਲਾ, ਹਰਮੀਤ ਸਿੰਘ ਅਤੇ ਚਮਕੌਰ ਸਿੰਘ, ਦਰਜਾ ਚਾਰ ਮੁਲਾਜ਼ਮਾਂ ਦੇ ਆਗੂ ਇਕਬਾਲ ਸਿੰਘ ਢੁਡੀ, ਬਲਕਾਰ ਸਿੰਘ ਸਹੋਤਾ, ਨਛੱਤਰ ਸਿੰਘ ਭਾਣਾ ਅਤੇ ਇਕਬਾਲ ਸਿੰਘ ਰਣ ਸਿੰਘ ਵਾਲਾ , ਆਸ਼ਾ ਵਰਕਰਜ਼ ਯੂਨੀਅਨ ਏਟਕ ਦੀ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਅਤੇ ਸਾਬਕਾ ਨਰਸਿਜ਼ ਆਗੂ ਸ਼ਸ਼ੀ ਸ਼ਰਮਾ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਆਗੂ ਸ਼ਿੰਦਰ ਪਾਲ ਸਿੰਘ ਢਿੱਲੋਂ , ਕੁਲਦੀਪ ਸਿੰਘ ਸਹਿਦੇਵ, ਸੁਖਚੈਨ ਸਿੰਘ ਰਾਮਸਰ , ਸ਼੍ਰੋਮਣੀ ਅਕਾਲੀ ਦਲ ਮੁਲਾਜ਼ਮ ਵਿੰਗ ਦੇ ਸਰਪ੍ਰਸਤ ਸੁਰਜੀਤ ਸਿੰਘ ਸ਼ਤਾਬ , ਅਧਿਆਪਕ ਦਲ ਦੇ ਆਗੂ ਜਸਕੇਵਲ ਸਿੰਘ ਗੋਲੇਵਾਲੀਆ ਨੇ ਵੀ ਸਾਥੀ ਰਣਬੀਰ ਸਿੰਘ ਢਿੱਲੋਂ ਦੀ ਮੌਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਿਆ ਹੈ ।

# ਆਖਿਰ ਕਿਉਂ ਧਸਦੀ ਜਾ ਰਹੀ ਹੈ ਨਵੀਂ ਪੀੜ੍ਹੀ ਨਸ਼ਿਆਂ ਦੀ ਦਲਦਲ ਵਿੱ. ?

ਹਾਲ ਹੀ ਦੇ ਸਾਲਾਂ ਵਿੱਚ, ਨੌਜਵਾਨ ਪੀੜ੍ਹੀ ਵਿੱਚ ਨਸ਼ਿਆਂ ਦੀ ਦੁਰਵਰਤੋਂ ਦਾ ਮੁੱਦਾ ਚਿੰਤਾਜਨਕ ਬਣ ਗਿਆ ਹੈ। ਵੱਖ-ਵੱਖ ਜਾਗਰੂਕਤਾ ਮੁਹਿੰਮਾਂ ਅਤੇ ਵਿਦਿਅਕ ਯਤਨਾਂ ਦੇ ਬਾਵਜੂਦ, ਵੱਡੀ ਗਿਣਤੀ ਵਿੱਚ ਨੌਜਵਾਨ ਆਪਣੇ ਆਪ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਵਿਨਾਸ਼ਕਾਰੀ ਚੱਕਰ ਵਿੱਚ ਫਸਦੇ ਹਨ। ਸਮੁੱਚੇ ਤੌਰ ਤੇ ਵਿਅਕਤੀਆਂ ਅਤੇ ਸਮਾਜ ਤੇ ਇਸ ਦੇ ਪ੍ਰਭਾਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਬੋਧਿਤ ਕਰਨ ਅਤੇ ਘੱਟ ਕਰਨ ਲਈ ਇਸ ਵਰਤਾਰੇ ਦੇ ਮੂਲ ਕਾਰਨਾਂ ਨੂੰ ਸਮਝਣਾ ਮਹੱਤਵਪੂਰਨ ਹੈ।

### ਸਮਾਜਿਕ-ਆਰਥਿਕ ਕਾਰਕ

ਨੌਜਵਾਨਾਂ ਵਿੱਚ ਨਸ਼ਿਆਂ ਦੀ ਦੁਰਵਰਤੋਂ ਵਿੱਚ ਵਾਧਾ ਕਰਨ ਵਿੱਚ ਯੋਗਦਾਨ ਪਾਉਣ ਵਾਲੇ ਕਾਰਕਾਂ ਵਿੱਚੋਂ ਇੱਕ ਸਮਾਜਿਕ-ਆਰਥਿਕ ਅਸਮਾਨਤਾ ਹੈ। ਆਰਥਿਕ ਅਸਥਿਰਤਾ, ਗਰੀਬੀ, ਅਤੇ ਮੌਕਿਆਂ ਦੀ ਘਾਟ ਵਿਅਕਤੀਆਂ, ਖਾਸ ਤੌਰ ਤੇ ਨੌਜਵਾਨ ਲੋਕਾਂ ਨੂੰ ਨਸ਼ਿਆਂ ਰਾਹੀਂ ਆਰਾਮ ਦੀ ਭਾਲ ਕਰਨ ਜਾਂ ਬਚਣ ਲਈ ਅਗਵਾਈ ਕਰ ਸਕਦੀ ਹੈ। ਸੀਮਤ ਸਰੋਤਾਂ ਦੇ ਨਾਲ ਇੱਕ ਮੁਕਾਬਲੇ ਵਾਲੀ ਦੁਨੀਆ ਵਿੱਚ ਕਾਮਯਾਬ ਹੋਣ ਦਾ ਦਬਾਅ ਵਿਅਕਤੀਆਂ ਨੂੰ ਨਜਿੱਠਣ ਦੀ ਵਿਧੀ ਵਜੋਂ ਜਾਂ ਕੁਝ ਸਮਾਜਿਕ ਸਰਕਲਾਂ ਵਿੱਚ ਫਿੱਟ ਕਰਨ ਦੇ ਸਾਧਨ ਵਜੋਂ ਪਦਾਰਥਾਂ ਵੱਲ ਪ੍ਰੇਰਿਤ ਕਰ ਸਕਦਾ ਹੈ।

### ਹਾਣੀਆਂ ਦਾ ਦਬਾਅ ਅਤੇ ਸਮਾਜਿਕ ਪ੍ਰਭਾਵ

ਹਾਣੀਆਂ ਦਾ ਦਬਾਅ ਨੌਜਵਾਨਾਂ ਦੇ ਵਿਵਹਾਰ ਨੂੰ ਰੂਪ ਦੇਣ ਵਿੱਚ ਇੱਕ ਸ਼ਕਤੀਸ਼ਾਲੀ ਸ਼ਕਤੀ ਬਣਿਆ ਹੋਇਆ ਹੈ। ਹਾਣੀਆਂ ਨਾਲ ਸਬੰਧਤ ਹੋਣ ਅਤੇ ਸਵੀਕਾਰ ਕੀਤੇ ਜਾਣ ਦੀ ਇੱਛਾ ਕਈ ਵਾਰ ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਨਾਲ ਪ੍ਰਯੋਗ ਕਰਨ ਲਈ ਲੈ ਜਾ ਸਕਦੀ ਹੈ, ਭਾਵੇਂ ਉਹ ਸ਼ੁਰੂ ਵਿੱਚ ਝਿਜਕਦੇ ਹੋਣ। ਸਮਾਜਿਕ ਇਕੱਠਾਂ ਅਤੇ ਸਮਾਗਮਾਂ ਜਿੱਥੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਆਮ ਬਣਾਇਆ ਜਾਂਦਾ ਹੈ, ਇਹਨਾਂ ਵਿਵਹਾਰਾਂ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ, ਜਿਸ ਨਾਲ ਵਿਅਕਤੀਆਂ ਲਈ ਪਰਤਾਵਿਆਂ ਦਾ ਵਿਰੋਧ ਕਰਨਾ ਚੁਣੌਤੀਪੂਰਨ ਹੁੰਦਾ ਹੈ।

### ਮਾਨਸਿਕ ਸਿਹਤ ਸਮੱਸਿਆਵਾਂ

ਨੌਜਵਾਨਾਂ ਵਿੱਚ ਮਾਨਸਿਕ ਸਿਹਤ ਸਮੱਸਿਆਵਾਂ ਦਾ ਪ੍ਰਚਲਨ ਨਸ਼ੇ ਦੀ ਦੁਰਵਰਤੋਂ ਵਿੱਚ ਯੋਗਦਾਨ ਪਾਉਣ ਵਾਲਾ ਇੱਕ ਹੋਰ ਮਹੱਤਵਪੂਰਨ ਕਾਰਕ ਹੈ। ਚਿੰਤਾ, ਉਦਾਸੀ, ਅਤੇ ਸਦਮੇ ਵਰਗੀਆਂ ਸਥਿਤੀਆਂ ਵਿਅਕਤੀਆਂ ਨੂੰ ਉਹਨਾਂ ਦੇ ਲੱਛਣਾਂ ਜਾਂ ਸੁੰਨ ਭਾਵਨਾਤਮਕ ਦਰਦ ਨੂੰ ਘਟਾਉਣ ਦੇ ਤਰੀਕੇ ਵਜੋਂ ਦਵਾਈਆਂ ਨਾਲ ਸਵੈ-ਦਵਾਈਆਂ ਵੱਲ ਪ੍ਰੇਰਿਤ ਕਰ ਸਕਦੀਆਂ ਹਨ। ਬਦਕਿਸਮਤੀ ਨਾਲ, ਇਹ ਅਕਸਰ ਉਹਨਾਂ ਦੀਆਂ ਅੰਤਰੀਵ ਮਾਨਸਿਕ ਸਿਹਤ ਸਮੱਸਿਆਵਾਂ ਨੂੰ ਵਧਾ ਦਿੰਦਾ ਹੈ ਅਤੇ ਨਿਰਭਰਤਾ ਦੇ ਚੱਕਰ ਵੱਲ ਖੜਦਾ ਹੈ।

### ਪਹੁੰਚਯੋਗਤਾ ਅਤੇ ਮਾਰਕੀਟਿੰਗ

ਸੋਸ਼ਲ ਮੀਡੀਆ ਅਤੇ ਇੰਟਰਨੈਟ ਸਮੇਤ ਵੱਖ-ਵੱਖ ਚੈਨਲਾਂ ਰਾਹੀਂ ਨਸ਼ਿਆਂ ਦੀ ਪਹੁੰਚ ਨੇ ਨੌਜਵਾਨਾਂ ਲਈ ਨਸ਼ੀਲੇ ਪਦਾਰਥਾਂ ਨੂੰ ਪ੍ਰਾਪਤ ਕਰਨਾ ਆਸਾਨ ਬਣਾ ਦਿੱਤਾ ਹੈ। ਇਸ ਤੋਂ ਇਲਾਵਾ, ਡਰੱਗ ਡੀਲਰਾਂ ਅਤੇ ਵਿਤਰਕਾਂ ਦੁਆਰਾ ਲਗਾਈਆਂ ਗਈਆਂ ਮਾਰਕੀਟਿੰਗ ਰਣਨੀਤੀਆਂ ਅਕਸਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਗਲੈਮਰਾਈਜ਼ ਜਾਂ ਸਧਾਰਣ ਬਣਾਉਂਦੀਆਂ ਹਨ, ਇੱਕ ਝੂਠਾ ਲੁਭਾਉਣਾ ਪੈਦਾ ਕਰਦੀਆਂ ਹਨ ਜੋ ਉਤਸ਼ਾਹ ਜਾਂ ਬਚਣ ਦੀ ਭਾਲ ਕਰਨ ਵਾਲੇ ਪ੍ਰਭਾਵਸ਼ਾਲੀ ਨੌਜਵਾਨਾਂ ਨੂੰ ਆਕਰਸ਼ਿਤ ਕਰ ਸਕਦੀਆਂ ਹਨ।

### ਸੱਭਿਆਚਾਰਕ ਅਤੇ ਮੀਡੀਆ ਪ੍ਰਭਾਵ

ਸੱਭਿਆਚਾਰਕ ਕਾਰਕ ਅਤੇ ਮੀਡੀਆ ਚਿਤਰਣ ਵੀ ਨੌਜਵਾਨ ਪੀੜ੍ਹੀ ਵਿੱਚ ਨਸ਼ਿਆਂ ਪ੍ਰਤੀ ਰਵੱਈਏ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਫਿਲਮਾਂ, ਸੰਗੀਤ, ਅਤੇ ਔਨਲਾਈਨ ਸਮੱਗਰੀ ਜੋ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਰੋਮਾਂਟਿਕ ਜਾਂ ਸਨਸਨੀਖੇਜ਼ ਬਣਾਉਂਦੀ ਹੈ, ਇਸ ਦੇ ਨਾਲ ਹੀ ਕੁਝ ਸੈਲੀਬਰਿਟੀ ਮੰਨੇ ਜਾਣ ਵਾਲੇ ਸਿਤਾਰੇ ਪੈਸੇਦੇ ਲਈ ਨਸ਼ੇ ਦੇ ਬਰੈਂਡਸ ਦੀ ਐਡ ਕਰਦੇ ਹਨ ਜਿਸ ਕਾਰਨ ਅਣਜਾਣੇ ਵਿੱਚ ਇਹਨਾਂ ਵਿਵਹਾਰਾਂ ਨੂੰ ਆਮ ਬਣਾ ਸਕਦੀ ਹੈ ਅਤੇ ਨੌਜਵਾਨਾਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨਾਲ ਜੁੜੇ ਜੋਖਮਾਂ ਅਤੇ ਨਤੀਜਿਆਂ ਪ੍ਰਤੀ ਅਸੰਵੇਦਨਸ਼ੀਲ ਬਣਾ ਸਕਦੀ ਹੈ।

### ਪ੍ਰਭਾਵੀ ਸਿੱਖਿਆ ਅਤੇ ਸਹਾਇਤਾ ਪ੍ਰਣਾਲੀਆਂ ਦੀ ਘਾਟ

ਨੌਜਵਾਨਾਂ ਨੂੰ ਨਸ਼ਿਆਂ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨ ਦੇ ਯਤਨਾਂ ਦੇ ਬਾਵਜੂਦ, ਵਿਆਪਕ ਅਤੇ ਪ੍ਰਭਾਵਸ਼ਾਲੀ ਨਸ਼ਾ ਸਿੱਖਿਆ ਪ੍ਰੋਗਰਾਮਾਂ ਨੂੰ ਪ੍ਰਦਾਨ ਕਰਨ ਵਿੱਚ ਇੱਕ ਪਾੜਾ ਬਣਿਆ ਹੋਇਆ ਹੈ। ਸਕੂਲ ਅਤੇ ਸਮੁਦਾਏ ਹਮੇਸ਼ਾ ਜੋਖਮ ਵਾਲੇ ਨੌਜਵਾਨਾਂ ਲਈ ਢੁਕਵੀਂ ਸਹਾਇਤਾ ਪ੍ਰਣਾਲੀ ਜਾਂ ਸਰੋਤ ਪ੍ਰਦਾਨ ਨਹੀਂ ਕਰ ਸਕਦੇ ਹਨ, ਜਿਸ ਨਾਲ ਉਹਨਾਂ ਨੂੰ ਡਰੱਗ ਨੈਟਵਰਕ ਦੁਆਰਾ ਸ਼ੋਸ਼ਣ ਅਤੇ ਹੇਰਾਫੇਰੀ ਦਾ ਸ਼ਿਕਾਰ ਬਣਾਇਆ ਜਾ ਸਕਦਾ ਹੈ।

### ਸਿੱਟਾ

ਨਵੀਂ ਪੀੜ੍ਹੀ ਵਿੱਚ ਨਸ਼ਿਆਂ ਦੀ ਦੁਰਵਰਤੋਂ ਦੇ ਮੁੱਦੇ ਨੂੰ ਸੰਬੋਧਿਤ ਕਰਨ ਲਈ ਇੱਕ ਬਹੁਪੱਖੀ ਪਹੁੰਚ ਦੀ ਲੋੜ ਹੈ ਜਿਸ ਵਿੱਚ ਸਮਾਜਿਕ, ਆਰਥਿਕ, ਵਿਦਿਅਕ ਅਤੇ ਸਿਹਤ-ਸਬੰਧਤ ਦਖਲਅੰਦਾਜ਼ੀ ਸ਼ਾਮਲ ਹਨ। ਸਮਾਜਿਕ-ਆਰਥਿਕ ਅਸਮਾਨਤਾਵਾਂ, ਹਾਣੀਆਂ ਦੇ ਦਬਾਅ, ਮਾਨਸਿਕ ਸਿਹਤ ਮੁੱਦਿਆਂ, ਪਹੁੰਚਯੋਗਤਾ ਅਤੇ ਸੱਭਿਆਚਾਰਕ ਪ੍ਰਭਾਵਾਂ ਵਰਗੇ ਮੂਲ ਕਾਰਨਾਂ ਨੂੰ ਸੰਬੋਧਿਤ ਕਰਕੇ, ਸਮਾਜ ਨੌਜਵਾਨਾਂ ਨੂੰ ਨਸ਼ਿਆਂ ਦੇ ਲਾਲਚ ਦਾ ਵਿਰੋਧ ਕਰਨ ਲਈ ਲੋੜੀਂਦੇ ਲਚਕੀਲੇਪਣ ਅਤੇ ਸਹਾਇਤਾ ਨਾਲ ਬਿਹਤਰ ਢੰਗ ਨਾਲ ਲੈਸ ਕਰ ਸਕਦਾ ਹੈ। ਇਸ ਤੋਂ ਇਲਾਵਾ, ਖੁੱਲ੍ਹੇ ਸੰਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਕਾਉਂਸਲਿੰਗ ਅਤੇ ਇਲਾਜ ਲਈ ਪਹੁੰਚਯੋਗ ਮੌਕਿਆਂ ਨੂੰ ਪ੍ਰਦਾਨ ਕਰਨਾ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਿਹਤਮੰਦ ਅਤੇ ਨਸ਼ਾ-ਮੁਕਤ ਭਵਿੱਖ ਬਣਾਉਣ ਲਈ ਜ਼ਰੂਰੀ ਕਦਮ ਹਨ।



ਰੋਜ਼ਾਨਾ ਲੋਕ ਬਾਣੀ

ਜਸਵਿੰਦਰ ਪਾਲ ਸ਼ਰਮਾ
ਸਸ ਮਾਸਟਰ
ਸਸਸਸ ਹਾਕੂਵਾਲਾ
ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ

# ਫਗਵਾੜਾ ਦੇ ਪਿੰਡ ਲੱਖਪੁਰ ਵਿਖੇ ਉਤਸ਼ਾਹ ਨਾਲ ਮਨਾਇਆ ਤੀਆਂ ਦਾ ਤਿਓਹਾਰ

## ਰਵਾਇਤੀ ਪੋਸ਼ਾਕਾਂ 'ਚ ਸਜੀਆਂ ਮੁਟਿਆਰਾਂ, ਝੂਟੀਆਂ ਪੀਂਘਾ, ਗਿੱਧਾ, ਕਿਕਲੀ, ਬੋਲੀਆਂ ਤੇ ਚਰਖਾ ਕੱਤਣਾ ਰਹੇ ਖਿੱਚ ਦਾ ਕੇਂਦਰ

ਫਗਵਾੜਾ (ਜੀਵਨ ਸੰਘਾ) ਅਮੀਰ ਪੰਜਾਬੀ ਵਿਰਸੇ ਦਾ ਪ੍ਰਤੀਕ ਤੀਆਂ ਦਾ ਤਿਉਹਾਰ ਪਿੰਡ ਲੱਖਪੁਰ ਤਹਿਸੀਲ ਫਗਵਾੜਾ ਵਿਖੇ ਹਰ ਸਾਲ ਦੀ ਤਰ੍ਹਾਂ ਪਿੰਡ ਦੀਆਂ ਸਮੂਹ ਔਰਤਾਂ ਵਲੋਂ ਪੂਰੇ ਉਤਸ਼ਾਹ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਮਨਾਇਆ ਗਿਆ। ਜਿਸਦਾ ਉਦਘਾਟਨ ਪ੍ਰਵਾਸੀ ਭਾਰਤੀ ਡਾ. ਸਤਨਾਮ ਸਿੰਘ ਬੰਗੜ ਅਤੇ ਉਹਨਾਂ ਦੀ ਧਰਮ ਪਤਨੀ ਡਾ. ਪਰਮਲਾ ਕੁਮਾਰੀ ਬੰਗੜ ਯੂ.ਐਸ.ਏ. ਵਲੋਂ ਕੀਤਾ ਗਿਆ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਮਾਤਾ ਰਤਨ ਕੌਰ ਬੰਗੜ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਲੱਖਪੁਰ ਦੇ ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਆਪਣੀ ਧਰਮ ਪਤਨੀ ਪ੍ਰਿਤਪਾਲ ਕੌਰ ਬੰਗੜ ਦੇ ਨਾਲ ਸ਼ਿਰਕਤ ਕੀਤੀ। ਮੁੱਖ ਮਹਿਮਾਨ ਡਾ. ਸਤਨਾਮ ਸਿੰਘ ਬੰਗੜ ਅਤੇ ਡਾ. ਪਰਮਲਾ ਕੁਮਾਰੀ ਬੰਗੜ ਨੇ ਕਿਹਾ ਕਿ ਉਹਨਾਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਬਹੁਤ ਹੀ ਖੁਸ਼ੀ ਮਹਿਸੂਸ ਹੋ ਰਹੀ ਹੈ। ਅਜਿਹੇ ਸਮਾਗਮ ਪੰਜਾਬੀ ਰਵਾਇਤੀ ਤਿਉਹਾਰਾਂ ਨੂੰ ਸੁਰਜੀਤ ਰੱਖਦੇ ਹਨ। ਮਾਤਾ ਰਤਨ ਕੌਰ ਬੰਗੜ ਨੇ ਦੱਸਿਆ ਕਿ ਸਾਉਣ ਮਹੀਨੇ 'ਚ ਮਨਾਏ ਜਾਣ ਵਾਲੇ ਤੀਆਂ ਦੇ ਤਿਓਹਾਰ ਦਾ ਇੰਤਜਾਰ ਮੁਟਿਆਰਾਂ ਨੂੰ ਸਾਰਾ ਸਾਲ ਰਹਿੰਦਾ ਹੈ। ਸਾਉਣ ਮਹੀਨੇ 'ਚ ਵਿਆਹੁਤਾ ਮਹਿਲਾਵਾਂ ਪੁਰਾਤਨ ਕਾਲ ਤੋਂ ਪੇਕੇ ਪਿੰਡ ਆਉਂਦੀਆਂ ਹਨ ਅਤੇ ਆਪਣੀਆਂ ਸਖੀਆਂ, ਸਹੇਲੀਆਂ ਨਾਲ ਪੀਂਘਾ ਝੂਟ ਕੇ ਅਤੇ ਕਿੱਕਲੀ ਪਾ ਕੇ ਪੁਰਾਣੀਆਂ ਯਾਦਾਂ ਨੂੰ ਤਾਜਾ ਕਰਦੀਆਂ ਹਨ। ਪ੍ਰਿੰ. ਜਸਵਿੰਦਰ ਸਿੰਘ ਬੰਗੜ ਨੇ ਕਿਹਾ ਕਿ ਅਜੋਕੀ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਤੋਂ ਦੂਰ ਹੁੰਦੀ ਜਾ ਰਹੀ ਹੈ, ਇਸ ਲਈ ਪ੍ਰਬੰਧਕਾਂ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਇਸ ਮੌਕੇ ਪਿੰਡ ਦੀਆਂ ਔਰਤਾਂ ਨੇ ਪੰਜਾਬੀ ਸੱਭਿਆਚਾਰ ਦੀ ਜਿੰਦਾ ਮਿਸਾਲ ਪੇਸ਼ ਕਰਦੀਆਂ ਰਵਾਇਤੀ ਪੋਸ਼ਾਂਕਾਂ ਵਿਚ ਸੱਜ ਧੱਜ ਕੇ ਪੀਂਘਾਂ ਝੂਟੀਆਂ। ਮੁਟਿਆਰਾਂ ਨੇ ਕਿਕਲੀ ਪਾਈ। ਔਰਤਾਂ ਨੇ ਚਰਖਾ ਕੱਤ ਕੇ ਤੇ ਦੁੱਧ ਰਿੜਕਦਿਆਂ ਪੁਰਾਤਨ ਪੰਜਾਬੀ ਵਿਰਸੇ ਦੀ ਮੂੰਹ ਬੋਲਦੀ ਝਲਕ ਪੇਸ਼ ਕੀਤੀ। ਇਸ ਤੋਂ ਇਲਾਵਾ ਡੀ.ਜੇ. ਦੀ ਧੁੰਨ ਤੇ ਗਿੱਧਾ, ਕੋਰੀਓਗਰਾਫੀ ਨਾਲ ਔਰਤਾਂ ਨੇ ਮਨ ਪ੍ਰਚਾਵਾ ਕੀਤਾ। ਔਰਤਾਂ ਨੂੰ ਸ਼ਗੁਨ ਦੇ ਤੌਰ ਤੇ ਫੁਲਕਾਰੀਆਂ ਤੇ ਵੰਗਾਂ, ਭੇਂਟ ਕੀਤੀਆਂ ਗਈਆਂ। ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨਾਂ ਨੂੰ ਲੋਈਆਂ ਤੇ ਫੁਲਕਾਰੀਆਂ ਭੇਂਟ ਕੀਤੀਆਂ ਗਈਆਂ। ਸਮਾਗਮ ਦੌਰਾਨ ਵੱਖ ਵੱਖ ਪਕਵਾਨ ਵੀ ਪਰੋਸੇ ਗਏ। ਮੁੱਖ ਮਹਿਮਾਨਾਂ ਵਲੋਂ ਸਕੂਲੀ ਵਿਦਿਆਰਥੀਆਂ, ਸਮਾਗਮ 'ਚ ਭਾਗ ਲੈਣ ਵਾਲੇ ਬੱਚਿਆਂ ਤੋਂ ਇਲਾਵਾ ਪਿੰਡ ਦੀਆਂ ਬਜੁਰਗ ਔਰਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਗੁਰਪਾਲ ਕੌਰ, ਜਸਪ੍ਰੀਤ ਕੌਰ, ਹਰਪ੍ਰੀਤ ਕੌਰ, ਸੁਖਵਿੰਦਰ ਕੌਰ, ਗੁਰਮੀਤ ਕੌਰ, ਕਮਲਜੀਤ ਕੌਰ ਲਖਪੁਰ, ਮਨਜੀਤ ਕੌਰ, ਪਰਮਵੀਰ ਕੌਰ, ਪਰਵੀਨ ਕੌਰ, ਕੁਲਜੀਤ ਕੌਰ, ਹਰਦੀਪ ਕੌਰ, ਗੁਰਜੀਤ ਕੌਰ, ਜਸਵੀਰ ਕੌਰ, ਸੁਰਜੀਤ ਕੌਰ, ਅਰਵਿੰਦਰ ਕੌਰ, ਹਰਪ੍ਰੀਤ ਕੌਰ ਢੱਡਵਾਲ, ਅਮਰਜੀਤ ਕੌਰ, ਰੇਸ਼ਮ ਕੌਰ, ਕੁਲਵਿੰਦਰ ਕੌਰ, ਬਿੰਦੀਆ ਸੰਧੂ, ਹਰਜਿੰਦਰ ਕੌਰ ਢੱਡਵਾਲ, ਮੀਨੂੰ ਲੱਖਪੁਰ, ਭੋਲੀ, ਮਨਜੀਤ ਕੌਰ ਲੱਖਪੁਰ, ਜੈ ਪ੍ਰੀਤ ਕੌਰ, ਸੁਖਮਨੀ ਕੌਰ ਤੋਂ ਇਲਾਵਾ ਸਰਬਜੀਤ ਸਿੰਘ, ਨਿਹਾਲ ਸਿੰਘ, ਡਾ. ਅਮਰਜੀਤ ਬੰਗੜ, ਪਰਵੀਨ ਕੁਮਾਰੀ, ਬੀਬੀ ਕੁਲਵੰਤ ਕੌਰ, ਰਣਦੀਪ ਕੌਰ ਨਾਗਲਾ, ਸਾਬਕਾ ਸਰਪੰਚ ਮਹਿੰਦਰ ਸਿੰਘ ਢੱਡਵਾਲ, ਮੱਖਣ ਸਿੰਘ ਆਦਿ ਹਾਜਰ ਸਨ।



# ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ : ਹਾਜੀ ਜੋਤੀ ਮੰਹਤ





ਫਗਵਾੜਾ (ਜੀਵਨ ਸੰਘਾ) ਵਾਤਾਵਰਣ ਨੂੰ ਸ਼ੁੱਧ ਅਤੇ ਸਾਫ਼ ਸੁਥਰਾ ਰੱਖਣ ਲਈ ਮੁੱਹਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਫਗਵਾੜਾ ਵਲੋ ਰੋਟਰੀ ਕਲੱਬ ਗੁਰਾਇਆ ਮਿਡ ਟਾਊਨ ਦੇ ਸਹਿਯੋਗ ਨਾਲ ਇੱਕ ਛੋਟਾ ਜਿਹਾ ਉਪਰਾਲਾ ਕਰਦੇ ਹੋਏ ਦੀ ਡਾ ਰਮਨ ਸ਼ਰਮਾ ਦੀ ਯੋਗ ਅਗਵਾਈ ਹੇਠ ਵੱਖ ਵੱਖ ਥਾਂਵਾ ਤੇ ਫਲਦਾਰ ਅਤੇ ਛਾਂਦਾਰ ਪੌਦੇ ਲਗਾਏ ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਦਰਬਾਰ ਦਾਤਾ ਅਲੀ ਅਹਿਮਦ ਸਾਬਰੀ ਸ਼ੀਲਾ ਮੰਹਤ ਸਾਬਰੀ ਬਾਬਾ ਅਸ਼ੋਕ ਸ਼ਾਹ ਕਾਦਰੀ ਹਾਜੀ ਜੋਤੀ ਮੰਹਤ ਗੱਦੀ ਨਸ਼ੀਨ ਭਗਤਪੁਰਾ ਫਗਵਾੜਾ ਨੇ ਬੂੱਟਾ ਲਗਾ ਇਸ ਦੀ ਸ਼ੁਰੂਆਤ ਕੀਤੀ ਅਪਣੇ ਸੰਬੋਧਨ ਚ ਸੰਬੋਧਨ ਚ ਬੋਲਦਿਆਂ ਹਾਜੀ ਜੋਤੀ ਮੰਹਤ ਨੇ ਕਿਹਾ ਕਿ ਅੱਜ ਤਾਪਮਾਨ ਵਿੱਚ ਤੇਜ਼ੀ ਨਾਲ ਤਬਦੀਲੀ ਦਾ ਪ੍ਰਭਾਵ ਨਾ ਸਿਰਫ਼ ਮਨੁੱਖਾਂ ਲਈ ਸਗੋਂ ਧਰਤੀ ਦੇ ਸਾਰੇ ਜੀਵਾਂ ਲਈ ਇੱਕ ਖ਼ਤਰਾ ਵੱਡਾ ਬਣ ਗਿਆ ਹੈ ਇਹੀ ਕਾਰਨ ਹੈ ਕਿ ਕਈ ਜਾਨਵਰ ਅਲੋਪ ਹੋ ਰਹੇ ਹਨ ਇਸ ਦੇ ਨਾਲ ਹੀ ਲੋਕ ਕਈ ਗੰਭੀਰ ਬਿਮਾਰੀਆਂ ਦੀ ਲਪੇਟ ਵਿੱਚ ਵੀ ਆ ਰਹੇ ਹਨ ਉਨ੍ਹਾਂ ਕਿਹਾ ਕਿ ਇਹ ਸਭ ਸਿਰਫ਼ ਵਾਤਾਵਰਣ ਵਿੱਚ ਤਬਦੀਲੀ ਅਤੇ ਇਸ ਨੂੰ ਪਹੁੰਚਣ ਵਾਲੇ ਨੁਕਸਾਨ ਕਾਰਨ ਹੈ ਅਸੀਂ ਆਪਣੇ ਵਾਤਾਵਰਣ ਦੀ ਸੰਭਾਲ ਨਹੀਂ ਕਰ ਰਹੇ ਹਾਂ, ਇਸੇ ਕਾਰਨ ਹੌਲੀ ਹੌਲੀ ਸਾਡੀ ਜ਼ਿੰਦਗੀ ਮੁਸ਼ਕਲ ਹੁੰਦੀ ਜਾ ਰਹੀ ਹੈ ਅਤੇ ਇਸ ਲਈ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ ਪ੍ਰਧਾਨ ਡਾ ਰਮਨ ਸ਼ਰਮਾ ਨੇ ਕਿਹਾ ਕਿ ਰੁੱਖਾਂ ਨਾਲ ਸਾਡਾ ਮੁੱਢ ਕਦੀਮ ਤੋਂ ਰਿਸ਼ਤਾ ਹੈ,ਕੇਵਲ ਮਨੁੱਖ ਹੀ ਨਹੀਂ ਪਸ਼ੂ ਪੰਛੀ ਵੀ ਰੁੱਖਾਂ ਤੇ ਨਿਰਭਰ ਹਨ ਰੁੱਖਾਂ ਤੋਂ ਬਿਨਾਂ ਸਾਡੀ ਹੋਂਦ ਅਸੰਭਵ ਹੈ ਉਨ੍ਹਾਂ ਕਿਹਾ ਕਿ ਵਾਤਾਵਰਣ ਦੇ ਪ੍ਰਦੂਸਿਤ ਹੋਣ ਦਾ ਕਾਰਨ ਦਰੱਖਤਾਂ ਦੀ ਕਟਾਈ ਹੈ,ਜਿਸ ਨਾਲ ਧਰਤੀ ਤੇ ਤਪਸ਼ ਵਧ ਰਹੀ ਹੈ ਤੇ ਧਰਤੀ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ ਉਨ੍ਹਾਂ ਕਿਹਾ ਕਿ ਵਕਤ ਦੀ ਨਜਾਕਤ ਨੂੰ ਸਮਝਦੇ ਹੋਏ ਸਾਨੂੰ ਰਲ ਮਿਲ ਕੇ ਧਰਤੀ ਨੂੰ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਗਾ ਕੇ ਉਨ੍ਹਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ ਰੋਟੈਰੀਅਨ ਨਿਤਿਸ਼ ਗਨਾਤਰਾ ਨੇ ਕਿਹਾ ਕਿ ਸਭ ਤੋਂ ਵਧੀਆ ਤੋਹਫ਼ੇ ਜੋ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇ ਸਕਦੇ ਹਾਂ ਉਹ ਰੁੱਖ ਹਨ ਉਨ੍ਹਾਂ ਨੇ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਸਾਡੇ ਸਾਰਿਆਂ ਵੱਲੋਂ ਘੱਟੋ ਘੱਟ ਇੱਕ ਰੁੱਖ ਲਗਾਉਣ ਸਮੇਂ ਦੀ ਮੁੱਖ ਲੋੜ ਹੈ ਇਸ ਮੌਕੇ ਨਿਤਿਸ਼ ਗਨਾਤਰਾ , ਐਡਵੋਕੇਟ ਜਤਿੰਦਰ ਠਾਕੁਰ , ਪ੍ਰਵੀਨ ਕਨੌਜੀਆ , ਰਾਜਵਿੰਦਰ ਸਿੰਘ ਸ਼ੇਰਾ , ਸੰਦੀਪ ਸਿੰਘ ਸਿਆਣ , ਰਜਤ ਕਨੌਜੀਆ , ਗੁਰਪਾਲਕ੍ਰਿਸ਼ਨ ਸਿੰਘ , ਮੁਕੇਸ਼ ਰੇਖੀ , ਦੀ ਸਾਰੀ ਟੀਮ ਹਾਜਰ ਸੀ

# ਰੁੱਖ ਸਾਨੂੰ ਅਨੇਕਾਂ ਬਿਮਾਰੀਆਂ ਤੋਂ ਬਚਾਉਂਦੇ ਹਨ : ਸੰਤ ਟਿੱਬਾ,/ਸੰਤ ਕਲੇਰਾਂ

## ਕੁਦਰਤ ਨਾਲ ਖਿਲਵਾੜ ਕਰਨਾ ਮਨੁੱਖ ਨੂੰ ਪੈ ਰਿਹਾ ਹੈ ਮਹਿੰਗਾ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਰੁੱਖ ਸਾਨੂੰ ਛਾਂ ਹੀ ਨਹੀਂ ਸਗੋਂ ਸਾਂਹ ਵੀ ਦਿੰਦੇ ਹਨ ਪਰ ਬੜੇ ਦੁੱਖ ਦੀ ਗੱਲ ਹੈ ਕਿ ਅਸੀਂ ਆਪਣੇ ਛੋਟੇ ਛੋਟੇ ਲਾਲਚਾਂ ਪਿੱਛੇ ਰੁੱਖਾਂ ਦੀ ਨਜਾਇਜ਼ ਕਟਾਈ ਕਰਕੇ ਆਪਣੀ ਤਬਾਹੀ ਨੂੰ ਸੱਦਾ ਦੇ ਰਹੇ ਹਾਂ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਗੁਰੂ ਰਵਿਦਾਸ ਮਿਸ਼ਨ ਪੰਜਾਬ ਦੇ ਪ੍ਰਚਾਰਕ ਸੰਤ ਬਾਬਾ ਰਾਜਵਰਿੰਦਰ ਸਿੰਘ ਟਿੱਬੇ ਵਾਲੇ ਅਤੇ ਉੱਘੇ ਪੰਥ ਪ੍ਰਚਾਰਕ ਸੰਤ ਬਾਬਾ ਜਗਜੀਤ ਸਿੰਘ ਭੋਰਾ ਸਾਹਿਬ ਕਲੇਰਾਂ ਵਾਲਿਆਂ ਨੇ

ਇਹ ਵਿਚਾਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਉਹਨਾਂ ਕਿਹਾ ਕਿ ਰੁੱਖਾਂ ਦੀ ਹੋਂਦ ਨੂੰ ਅਸੀਂ ਪਹਿਲੋਂ ਹੀ ਖਤਮ ਕਰਨ ਵਿੱਚ ਲੱਗੇ ਹੋਏ ਹਾਂ ਜਿਸ ਦਾ ਨਤੀਜਾ ਮਨੁੱਖ ਨੂੰ ਦਿਨੋ ਦਿਨ ਲੱਗ ਰਹੀਆਂ ਭਿਆਨਕ ਬਿਮਾਰੀਆਂ ਅਤੇ ਆਕਸੀਜਨ ਦੀ ਘਾਟ ਸਾਡੇ ਸਾਹਮਣੇ ਹੈ।ਉਹਨਾਂ ਕਿਹਾ ਗਹਿਰਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਮਨੁੱਖ ਨੂੰ ਪੂਰਾ ਗਿਆਨ ਹੋਣ ਦੀ ਬਜਾਏ ਉਹ ਹਰ ਸਾਲ ਸੜਕਾਂ ਕਿਨਾਰੇ ਖੜੇ ਹਰੇ ਭਰੇ ਰੁੱਖਾ ਨੂੰ ਅੱਗ ਦੀ ਭੇਟ ਚਾੜਦਾ ਤਾਂ ਹੈ ਹੀ ਹੈ ਨਾਲ ਪੰਛੀਆਂ ਤੋਂ ਇਲਾਵਾ ਉਹਨਾਂ ਦੇ ਰਹਿਣ ਬਸੇਰਿਆਂ ਦਾ ਵੀ ਨਾਸ ਕਰਨ ਵਿੱਚ ਲੱਗਾ ਹੋਇਆ ਹੈ। ਦਿਨੋ ਦਿਨ ਪਿਗਲ ਰਹੇ ਗਲੇਸੀਆਰ ਅਤੇ ਰੁੱਖਾਂ ਦੀ ਘਾਟ ਕਾਰਨ ਜਿੱਥੇ ਤਪਸ ਅਸਮਾਨ ਨੂੰ ਸੂਹ ਰਹੀ ਹੈ ਉੱਥੇ ਮਨੁੱਖ ਅਨੇਕਾਂ ਬਿਮਾਰੀਆਂ ਦਾ ਵੀ ਸਕਾਰ ਹੁੰਦਾ ਜਾ ਰਿਹਾ ਹੈ।ਇਸ ਵਾਰ ਰੁੱਖਾਂ ਦੀ ਘਾਟ ਅਤੇ ਬੇਸੁਮਾਰ ਪਈ ਗਰਮੀ ਕਾਰਨ ਅਨੇਕਾਂ ਪੰਛੀ

ਮੌਤ ਦੇ ਮੂੰਹ ਵਿੱਚ ਚਲੇ ਗਏ।ਉਹਨਾਂ ਅੱਗੇ ਦੱਸਿਆ ਕਿ ਕਰੋਨਾ ਕਾਲ ਦੌਰਾਨ ਆਕਸੀਜਨ ਦੀ ਆਈ ਕੁਦਰਤੀ ਘਾਟ ਦਾ ਹਰ ਇੱਕ ਮਨੁੱਖ ਨੇ ਭਿਆਨਕ ਮੰਜ਼ਰ ਦੇਖਿਆ ਹੈ। ਉਹਨਾਂ ਕਿਹਾ ਹੈ ਕਿ ਸਾਡਾ ਮਨੁੱਖੀ ਫਰਜ਼ ਬਣਦਾ ਹੈ ਕਿ ਆਪਾਂ ਸਾਰੇ ਰਲ ਮਿਲ ਕੇ ਕੁਦਰਤ ਨੂੰ ਪਿਆਰ ਕਰਦੇ ਹੋਏ ਅਤੇ ਗੁਰੂਆਂ ਦੇ ਦਿੱਤੇ ਸਿਧਾਂਤ ਪਾਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ ਦੇ ਫਲਸਫੇ ਤੇ ਅਮਲ ਕਰਦੇ ਹੋਏ ਰੁੱਖਾਂ, ਪਾਣੀ ਅਤੇ ਧਰਤੀ ਦੀ ਕਦਰ ਕਰੀਏ। ਉਹਨਾਂ ਵਾਤਾਵਰਨ ਪ੍ਰੇਮੀਆਂ ਸਮੂਹ ਸਮਾਜ ਸੇਵੀ ਸੰਸਥਾਵਾਂ, ਕਲੱਬਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਅਤੇ ਸਾਂਝੀਆਂ ਥਾਵਾਂ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਤਾਂ ਜੋ ਦਿਨ ਘੱਟ ਰਹੀ ਆਕਸੀਜਨ ਅਤੇ ਤਪਸ ਤੋਂ ਲੋਕਾਂ ਨੂੰ ਨਿਜਾਤ ਮਿਲ ਸਕੇ।

## ਗ਼ਜ਼ਲ

ਦਿਲ ਵਿਚ ਕੋਈ ਥਾਂ ਹੁੰਦੀ ਏ।
ਐਵੇਂ ਤਾਂ ਨਈਂ ਹਾਂ ਹੁੰਦੀ ਏ।
ਬਾਪੂ ਦੇ ਪੈਰਾਂ ਵਿਚ ਜੰਨਤ,
ਬੋਹੜ ਦੀ ਠੰਡੀ ਛਾਂ ਹੁੰਦੀ ਏ।
ਲੋਅ ਹੀ ਲੋਅ ਹੈ ਜਿਸ ਦੇ ਅੰਦਰ,
ਸੂਰਜ ਵਰਗੀ ਮਾਂ ਹੁੰਦੀ ਏ।
ਜੋ ਕਰਦੀ ਚਿੰਗਾਰੀ ਕਰਦੀ,
ਕੱਖਾਂ ਵਿਚ ਚੁਪ ਚਾਂ ਹੁੰਦੀ ਏ।
ਘਰ ਨੂੰ ਗੀਝਾਂ ਨਾਲ ਸਜਾਇਆ,
ਕੋਠੇ 'ਤੇ ਕਾਂ-ਕਾਂ ਹੁੰਦੀ ਏ।
ਇੱਕ ਤਿਊੜੀ ਖੰਜਰ ਵਰਗੀ,
ਉਸ ਦੇ ਵੱਲੋਂ ਨ੍ਹਾਂ ਹੁੰਦੀ ਏ।
ਐਵੇਂ ਤਾਂ ਸੂਰਜ ਨਈਂ ਡੁਬਦਾ,
ਜ਼ਿੰਦ ਸਜਣਾਂ ਦੇ ਨਾਂ ਹੁੰਦੀ ਏ।
ਬਾਲਮ ਉਹ ਸੁਖ ਹੀ ਸੁਖ ਦੇਵੇ,
ਦਾਦੀ ਵਰਗੀ ਗਾਂ ਹੁੰਦੀ ਏ।

ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ ਗੁਰਦਾਸਪੁਰ ਪੰਜਾਬ

## ਗ਼ਜ਼ਲ

ਹੌਲੀ ਹੌਲੀ ਅਪਣੀਂ ਆਦਤ ਬਦਲਣ ਦੀ ਗੱਲ ਸੋਚ ਰਿਹਾਂ।
ਡੁੱਬ ਰਹੇ ਸੂਰਜ ਨੂੰ ਪੈਰੀਂ ਮਸਲਣ ਦੀ ਗੱਲ ਸੋਚ ਰਿਹਾਂ।
ਹੰਕਾਰ ਅਤੇ ਹਉਮੇ ਵਿਚ ਅਪਣੀਂ ਮੌਤ ਭੁਲਾ ਬੈਠਾ ਹਾਂ,
ਇਕ ਕੀੜੀ ਨੂੰ ਪੈਰਾਂ ਥੱਲੇ ਕੁਚਲਣ ਦੀ ਗੱਲ ਸੋਚ ਰਿਹਾਂ।
ਇਕ ਦਿਨ ਜਦ ਮੈਂ ਮੁਰਦੇ ਵੀ ਅਰਥੀ ਨਾਲ ਜਨਾਜੇ ਵੇਖੀ,
ਜੀਵਨ ਕੀ ਹੈ ? ਬਸ ਫਿਰ ਇਸ ਨੂੰ ਸਮਝਣ ਦੀ ਗੱਲ ਸੋਚ ਰਿਹਾਂ।
ਆਖ਼ਿਰ ਕੂੜੇਦਾਨ 'ਚ ਇਸ ਨੂੰ ਕੱਠਿਆਂ ਕਰਕੇ ਸੁਟ ਦੇਣਾ,
ਕਿਰਚਾ-ਕਿਰਚਾ ਟੁੱਟੇ ਹੋਏ ਦਰਪਣ ਦੀ ਗੱਲ ਸੋਚ ਰਿਹਾਂ।
ਫੁਲ ਦੀ ਨਾ ਪ੍ਰਤਿਸ਼ਠਾ ਕੋਈ ਨਾ ਕੋਈ ਵੰਡਿਆਈ ਹੈ,
ਸਾਰੀ ਖ਼ੁਸ਼ਬੂ ਦੇ ਅੰਤਰੀਵ ਸਮਰਪਣ ਦੀ ਗੱਲ ਸੋਚ ਰਿਹਾਂ।
ਸ਼ਾਇਦ ਬੀਤੇ ਸਮਿਆਂ ਦੇ ਕੁਝ ਫੁੱਲ ਗੁਲਾਬੀ ਖਿੜ ਜਾਵਣ,
ਯਾਦਾਂ ਦੀ ਤਨਹਾਈ ਅੰਦਰ ਤੜਪਣ ਦੀ ਗੱਲ ਸੋਚ ਰਿਹਾਂ।
ਜਿਸ ਨੇ ਸਾਰੇ ਜੀਵਨ ਦੀ ਹੀ ਬਾਜੀ ਪੁੱਠੀ ਕਰ ਦਿੱਤੀ,
ਤੇਰੇ ਹੰਝੂਆਂ ਦੀ ਛੋਟੀ ਜਿਹੀ ਕਤਰਣ ਦੀ ਗੱਲ ਸੋਚ ਰਿਹਾਂ।
ਘਰ ਦੀ ਖ਼ਾਤਿਰ ਮਾਂ ਨੇ ਅਪਣੀ ਹਰ ਇਕ ਖਾਹਿਸ਼ ਅਧੂਰੀ ਰੱਖੀ,
ਬਲਦੇ ਦੀਵੇ ਦੀ ਬੱਤੀ ਵਿਚ ਅਰਪਣ ਦੀ ਗੱਲ ਸੋਚ ਰਿਹਾਂ।
ਟੁਕੜੇ-ਟੁਕੜੇ ਬੱਦਲ ਯਾਰੋ ਨਾ ਗਜਦੇ ਨਾ ਵਰ੍ਹਦੇ ਨੇ,
ਬਾਲਮ ਇੱਕ ਕ੍ਰਾਂਤੀ ਅੰਦਰ ਗਰਜਨ ਦੀ ਗਲ ਸੋਚ ਰਿਹਾਂ।

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ ਪੰਜਾਬ

## ਸਾਉਣ

ਮਹੀਨਾ ਸੌਣ ਦਾ ਬੜਾ ਨਿਆਰਾ।
ਲੱਗੇ ਸਭ ਨੂੰ ਪਿਆਰਾ ਪਿਆਰਾ।
ਘਟਾ ਕਾਲੀਆਂ ਚੜ੍ਹ -ਚੜ੍ਹ ਆਵਣ।
ਮੋਰ ਬਾਗਾਂ ਵਿੱਚ ਪੈਲਾਂ ਪਾਵਣ।
ਹਰ ਪਾਸੇ ਹੈ ਦ੍ਰਿਸ਼ ਪਿਆਰਾ।
ਮਹੀਨਾ ਸਾਉਣ...............।
ਲੱਗੇ ਸਭ ਨੂੰ ਪਿਆਰਾ ਪਿਆਰਾ।
ਕੁੜੀਆਂ ਪਿੱਪਲੀਂ ਪੀਂਘਾਂ ਪਾਵਣ।
ਨੱਚਣ ਗਾਵਣ ਖੁਸ਼ੀ ਮਨਾਵਣ।
ਖੁਸ਼ੀਆਂ ਭਰਿਆ ਹੈ ਵਿਹੜਾ ਸਾਰਾ।
ਮਹੀਨਾ ਸਾਉਣ...............।
ਲੱਗੇ ਸਭ ਨੂੰ ਪਿਆਰਾ -ਪਿਆਰਾ।
ਸੱਜਰ ਵਿਆਹੀਆਂ ਵੀ ਪੇਕੇ ਆਵਣ
ਸਖੀਆਂ ਮਿਲ ਸਭ ਤੀਆਂ ਮਨਾਵਣ।
ਬਚਪਨ ਵਿੱਚ ਮੁੜ ਜਾਣ ਦੁਬਾਰਾ।
ਮਹੀਨਾ ਸਾਉਣ ਦਾ.................।
ਲੱਗੇ ਸਭ ਨੂੰ ਪਿਆਰਾ ਪਿਆਰਾ।
ਮੱਕੀਆਂ ਬਾਜਰੇ ਝੂਮਣ ਗਾਵਣ।
ਜੋਬਨ ਰੁੱਤ ਦਾ ਮਜ਼ਾ ਉਠਾਵਣ।
ਕੁਦਰਤ ਦਾ ਹੈ ਅਜ਼ਬ ਨਜ਼ਾਰਾ।
ਮਹੀਨਾ ਸਾਉਣ ..........।
ਲੱਗੇ ਸਭ ਨੂੰ ਪਿਆਰਾ ਪਿਆਰਾ।
ਸੁਆਣੀਆਂ ਖੀਰ ਪੂੜੇ ਪਕਾਵਣ।
ਨਿੱਕੇ ਵੱਡੇ ਖੁਸ਼ੀ ਨਾਲ ਖਾਵਣ।
ਖੁਸ਼ ਨਜ਼ਰ ਆਉਂਦਾ ਜੱਗ ਸਾਰਾ।
ਮਹੀਨਾ ਸਾਉਣ ਦਾ ਬੜਾ ਨਿਆਰਾ।
ਲੱਗੇ ਸਭ ਨੂੰ ਪਿਆਰਾ- ਪਿਆਰਾ



ਲੇਖਕ
ਹਰਜਿੰਦਰ ਕੌਰ

# ਫੁੱਟਬਾਲ ਕਲੱਬ ਪਿੰਡ ਬਖੋਪੀਰ ਵੱਲੋਂ ਲਗਾਏ ਗਏ ਫ਼ਲਦਾਰ ਬੂਟੇ



ਭਵਾਨੀਗੜ੍ਹ, ,(ਲੋਕ ਬਾਣੀ ) )-ਸਾਬਕਾ ਸਰਪੰਚ ਕੁਲਵੰਤ ਸਿੰਘ ਬਖੋਪੀਰ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਫੁੱਟਬਾਲ ਕਲੱਬ ਪਿੰਡ ਬਖੋਪੀਰ ਵੱਲੋਂ ਪਿੰਡ ਦੇ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ ਅੱਜ ਫ਼ਲਦਾਰ ਰੁੱਖ ਲਗਾ ਕੇ ਵਾਤਾਵਰਨ ਅਤੇ ਖੇਡ ਮੈਦਾਨ ਦੇ ਆਲੇ-ਦੁਆਲੇ ਹਰਿਆ ਭਰਿਆ ਕਰਨ ਲਈ ਕ੍ਰਿਕਟ ਕਲੱਬ ਦੀ ਕੁਝ ਮੈਂਬਰ ਸਾਹਿਬਾਨ ,ਸਮੂਹ ਨਗਰ ਪੰਚਾਇਤ ਦੇ ਸਹਿਯੋਗ ਸਦਕਾ ਪਿੰਡ ਦੇ ਖੇਡ ਮੈਦਾਨ ਦੁਆਲੇ ਫੁੱਟਬਾਲ ਕਲੱਬ ਦੇ ਸਮੁੱਚੇ ਖਿਡਾਰੀਆਂ ਦੁਆਰਾ ਆਪੋ ਆਪਣੇ ਕਰ ਕਮਲਾਂ ਨਾਲ ਆਂਵਲਾ, ਜਾਮਣ, ਅੰਬ ਦੇ ਫ਼ਲਦਾਰ ਅਤੇ ਛਾਂਦਾਰ ਰੁੱਖ ਲਗਾਏ ਗਏ , ਪਹਿਲਾਂ ਵੀ ਫੁੱਟਬਾਲ ਕਲੱਬ ਵੱਲੋਂ ਪਹਿਲੇ ਪੜਾਅ ਦੌਰਾਨ ਬਖੋਪੀਰ ਭਵਾਨੀਗੜ੍ਹ ਰੋਡ ਉੱਪਰ ਬਹੁਤ ਸਾਰੇ ਬੂਟੇ ਲਗਾਏ ਗਏ ਸੀ, ਤੇ ਉਹਨਾਂ ਨੂੰ ਪਾਣੀ ਪਾ ਕੇ ਹਰਿਆ ਭਰਿਆ ਕੀਤਾ ਗਿਆ, ਅੱਜ ਵੀ ਸਮੂਹ ਖਿਡਿਆਰੀਆਂ ਨੇ ਪ੍ਰਣ ਕੀਤਾ ਕਿ ਖੇਡ ਮੈਦਾਨ ਦੇ ਵਿੱਚ ਲਗਾਏ ਇਹਨਾਂ ਬੂਟਿਆਂ ਦੀ ਵੀ ਉਹ ਤਨਦੇਹੀ ਦੇ ਨਾਲ ਸੇਵਾ ਕਰਨਗੇ ਅਤੇ ਇਹਨਾਂ ਨੂੰ ਪਾਲ ਪੋਸ਼ ਕੇ ਵੱਡਾ ਕਰਨਗੇ। ਫੁੱਟਬਾਲ ਕਲੱਬ ਦੇ ਸਮੁੱਚੇ ਮੈਂਬਰਾਂ ਨੇ ਵੱਖ-ਵੱਖਰੇ ਪਿੰਡਾਂ ਦੇ ਹੋਰ ਕਲੱਬਾਂ ਨੂੰ ਵੀ ਬੇਨਤੀ ਕਰਦੇ ਕਿਹਾ ਕਿ ਆਓ ਆਪਾਂ ਰਲ ਕੇ ਆਪੋ ਆਪਣੇ ਪਿੰਡਾਂ ਦੇ ਖੇਡ ਗਰਾਊਂਡਾਂ ਨੂੰ ਹਰੇ ਭਰੇ ਕਰੀਏ ਅਤੇ ਪੰਜਾਬ ਨੂੰ ਇੱਕ ਖੁਸ਼ਹਾਲ ਸੂਬਾ ਬਣਾਈਏ ਤੇ ਆਉਣ ਵਾਲੀਆਂ ਨਸਲਾਂ ਲਈ ਹਵਾ ਪਾਣੀ ਨੂੰ ਸ਼ੁੱਧ ਕਰਨ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਈਏ, ਮੌਕੇ ਉੱਤੇ ਸੰਦੀਪ ਸਿੰਘ ਬਖੋਪੀਰ ਅੰਮ੍ਰਿਤ ਸਿੰਘ ਫੁੱਟਬਾਲ ਕੋਚ ਕੁਲਵੰਤ ਸਿੰਘ ਗੁਰਜੰਟ ਸਿੰਘ, ਜੱਸੀ, ਭਾਂਤੀ, ਸ਼ਰਮਾ, ਲਖਵੀਰ ਸਿੰਘ, ਲੱਖਪ੍ਰੀਤ ਸਿੰਘ, ਪੁਸ਼ਪਿੰਦਰ ਸਿੰਘ, ਜਗਮੇਲ ਸਿੰਘ, ਗੁਰਪ੍ਰੀਤ ਸਿੰਘ, ਹੈਪੀ ਸਿੰਘ, ਜਗਜੀਤ ਸਿੰਘ, ਹਾਕਮ ਸਿੰਘ, ਜਗਵਿੰਦਰ ਸਿੰਘ, ਗੁਰਸੇਵਕ ਸਿੰਘ, ਸੁਰਿੰਦਰ ਸਿੰਘ, ਅਰਮਾਨ ਸਿੰਘ, ਗੈਵੀ ਸਿੰਘ, ਸੋਨੀ, ਕਰਮਨ ਸਿੰਘ, ਹੁਸਨ ਸਿੰਘ , ਜੁਝਾਰ ਸਿੰਘ ਆਦਿ ਪਤਵੰਤੇ ਸੱਜਣ ਮੌਜੂਦ ਸਨ।

## ਜਨਮਦਿਨ ਮੁਬਾਰਕ



ਲਵਪ੍ਰੀਤ ਬਾਵਾ
ਲਵਰਾਜ ਬਾਵਾ
ਮਾਤਾ ਪਰਮਜੀਤ ਕੌਰ
ਪਿਤਾ ਬਲਵਿੰਦਰ ਬਾਵਾ
(ਗਹਿਲੇਵਾਲ)

# ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਚਲਾਈ ਜਾ ਰਹੀ ਪੌਦੇ ਲਗਾਉਣ ਦੀ ਮੁਹਿੰਮ ਜ਼ੋਰਾਂ ਤੇ : ਜ਼ਿਲ੍ਹਾ ਤੇ ਸ਼ੈਸ਼ਨ ਜੱਜ

ਫਤਹਿਗੜ੍ਹ ਸਾਹਿਬ, ,(ਲੋਕ ਬਾਣੀ ) ਵੱਧ ਰਹੇ ਉਦਯੋਗੀਕਰਨ ਤੇ ਸ਼ਹਿਰੀਕਰਨ ਕਰਕੇ ਦਰਖਤਾਂ ਦੀ ਅੰਧਾ-ਧੁੰਦ ਕਟਾਈ ਹੋਣ ਨਾਲ ਵਿਸ਼ਵ ਪੱਧਰ ਤੇ ਵੱਧ ਰਿਹਾ ਤਾਪਮਾਨ ਸਮੁੱਚੀ ਮਨੁੱਖਤਾ ਲਈ ਬਹੁਤ ਵੱਡੀ ਚਣੌਤੀ ਬਣ ਗਿਆ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਵਾਸਤੇ ਵੱਧ ਤੋਂ ਵੱਧ ਦਰਖਤ ਲਗਾਉਣੇ ਚਾਹੀਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਅਤੇ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਅਰੁਣ ਗੁਪਤਾ ਨੇ ਸਿਵਲ ਜੱਜ ਸੀਨੀਅਰ ਡਵੀਜ਼ਨ ਸ਼੍ਰੀ ਜਗਬੀਰ ਸਿੰਘ ਮਹਿੰਦੀਰੱਤਾ, ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਸ਼੍ਰੀ ਹਰੀਸ਼ ਕੁਮਾਰ ਅਤੇ ਸਿਵਲ ਜੱਜ ਜੂਨੀਅਰ ਡਵੀਜ਼ਨ ਸ਼੍ਰੀਮਤੀ ਅੰਕਿਤਾ ਧਵਨ ਅਤੇ ਬਾਰ ਐਸੋਸੀਏਸ਼ਨ ਖਮਾਣੋਂ ਦੇ ਸਮੂਹ ਵਕੀਲ ਸਹਿਬਾਨ ਦੇ ਨਾਲ ਸਬ ਡਵੀਜ਼ਨ ਖ਼ਮਾਣੋਂ ਦੀਆਂ ਕਚਹਿਰੀਆਂ ਵਿਖੇ ਪੌਦਾ ਲਗਾ ਕੇ ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਣ ਦੀ ਮੁਹਿੰਮ ਦਾ ਆਗਾਜ਼ ਕਰਦਿਆਂ ਕੀਤਾ। ਉਨ੍ਹਾਂ ਸਾਰੇ ਨਿਆਂ ਅਧਿਕਾਰੀਆਂ ਅਤੇ ਵਕੀਲਾਂ ਨੂੰ ਅਪੀਲ ਕੀਤੀ ਕਿ ਉਹ ਵੀ ਪੌਦੇ ਲਗਾਉਣ ਦੀ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿਤਾ ਕਿ ਜਿੱਥੇ ਨਵੇਂ ਪੌਦੇ ਲਗਾਉਣ ਲਈ ਸਹੀ ਜਗ੍ਹਾ ਦੀ ਚੋਣ ਕਰਨਾ ਜ਼ਰੂਰੀ ਹੈ, ਉੱਥੇ ਹੀ ਉਨ੍ਹਾਂ ਦੇ ਪਾਲਣ-ਪੋਸ਼ਣ ਨੂੰ ਯਕੀਨੀ ਬਣਾਉਣਾ ਵੀ ਅਤਿ ਜ਼ਰੂਰੀ ਹੈ।

ਜ਼ਿਲ੍ਹਾ ਤੇ ਸ਼ੈਸ਼ਨ ਜੱਜ ਨੇ ਵਕੀਲਾਂ ਨੂੰ ਕਿਹਾ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਹਰੇਕ ਵਕੀਲ ਘੱਟੋ-ਘੱਟ ਇਸ ਮੁਹਿੰਮ ਦੌਰਾਨ 2-2 ਪੌਦੇ ਜ਼ਰੂਰ ਲਗਾਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵਾਤਾਵਰਨ ਦੀ ਸੰਭਾਲ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਇਸ ਦੇ ਕਾਨੂੰਨੀ ਪਹਿਲੂਆਂ ਤੋਂ ਵੀ ਜਾਣੂ ਕਰਵਾਉਣ ਵਾਸਤੇ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜੰਗਲਾਤ ਵਿਭਾਗ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ।

ਅਰੁਣ ਗੁਪਤਾ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਧਰਤੀ ਨੂੰ ਪ੍ਰਦੂਸ਼ਣ ਮੁਕਤ ਕਰਨਾ ਅੱਜ ਦੇ ਸਮੇਂ ਦੀ ਅਹਿਮ ਲੋੜ ਹੈ ਕਿਉਂਕਿ ਧਰਤੀ ਤੋਂ ਬਿਨ੍ਹਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਆਖਿਆ ਕਿ ਮਨੁੱਖਤਾ ਦੇ ਮਹਾਨ ਗੁਰੂ, ਗੁਰੂ ਨਾਨਕ ਦੇਵ ਜੀ ਨੇ ਵਾਤਾਵਰਨ ਨੂੰ ਮਹੱਤਤਾ ਦਿੰਦੇ ਹੋਏ ਗੁਰਬਾਣੀ ਵਿੱਚ ਪਵਨ (ਹਵਾ) ਨੂੰ ਗੁਰੂ ਦਾ ਦਰਜਾ ਦਿੱਤਾ ਹੈ, ਪਾਣੀ ਨੂੰ ਪਿਤਾ ਦਾ ਅਤੇ ਧਰਤੀ ਨੂੰ ਸਭ ਦੀ ਮਾਂ ਦੱਸਿਆ ਹੈ। ਉਨ੍ਹਾਂ ਆਖਿਆ ਕਿ ਵਾਤਾਵਰਨ ਦੀ ਸੰਭਾਲ ਵਿੱਚ ਸੰਜੀਦਾ ਹੋ ਕੇ ਸਾਨੂੰ ਸਾਰਿਆਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਵੱਧ ਤੋਂ ਵੱਧ ਦਰਖਤ ਲਗਾ ਕੇ ਅਤੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕਰਕੇ ਅਸੀਂ ਵਾਤਾਵਰਨ ਨੂੰ ਪ੍ਰਦੂਸ਼ਣ ਰਹਿਤ ਕਰ ਸਕਦੇ ਹਾਂ। ਉਨ੍ਹਾਂ ਇਹ ਵੀ ਪ੍ਰੇਰਿਤ ਕੀਤਾ ਕਿ ਵਾਤਾਵਰਨ ਦੀ ਸੰਭਾਲ ਸਬੰਧੀ ਬਣੇ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਇਸ ਮੌਕੇ ਤੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਗੌਰਵ ਜੋਸ਼ੀ, ਸਕੱਤਰ ਸ਼੍ਰੀ ਰਾਣਾ ਜੇ.ਬੀ. ਸਿੰਘ, ਮੀਤ ਪ੍ਰਧਾਨ ਰੁਪਿੰਦਰ ਸਿੰਘ ਅਤੇ ਸਮੂਹ ਬਾਰ ਮੈਂਬਰ ਸਹਿਬਾਨ ਨੇ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਦੁਆਰਾ ਵਾਤਾਵਰਨ ਦੀ ਸੰਭਾਲ ਲਈ ਹਮੇਸ਼ਾ ਕੀਤੇ ਜਾਂਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਬਾਰ ਐਸੋਸੀਏਸ਼ਨ ਖਮਾਣੋਂ ਦੇ ਸਮੂਹ ਵਕੀਲ ਸਹਿਬਾਨ ਇਸ ਮੁਹਿੰਮ ਵਿੱਚ ਵਧ ਚੜ੍ਹ ਕੇ ਆਪਣਾ ਯੋਗਦਾਨ ਦੇਣਗੇ। ਉਨ੍ਹਾਂ ਨੇ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਦਾ ਖਮਾਣੋਂ ਵਿਖੇ ਇਸ ਮੁਹਿੰਮ ਦਾ ਆਰੰਭ ਕਰਨ ਲਈ ਧੰਨਵਾਦ ਵੀ ਕੀਤਾ।

# ਸਮਾਜ ਸੇਵਾ ਹੀ ਅਸਲ ਜ਼ਿੰਦਗੀ ਦਾ ਮੁੱਖ ਮੰਤਵ, ਸਮਾਜ ਸੇਵਾ ਨੂੰ ਸਮਰਪਿਤ ਹੋਣ ਦਾ ਦਿੱਤਾ ਹੋਕਾ



ਦੋਰਾਹਾ, ,(ਲੋਕ ਬਾਣੀ ) - ਨਗਰ ਕੋਸਲ ਦੋਰਾਹਾ ਦੇ ਪ੍ਰਧਾਨ ਸੁਦਰਸ਼ਨ ਕੁਮਾਰ ਪੱਪੂ ਦੀ ਅਗਵਾਈ ਵਿੱਚ ਕੌਂਸਲਰਾਂ ਨੇ ਸੀਨੀਅਰ ਕੌਂਸਲਰ ਕੁਲਵੰਤ ਸਿੰਘ ਦੇ 55ਵੇ ਜਨਮ ਦਿਨ ਮੌਕੇ ਕੇਕ ਕੁੱਟ ਕੇ ਜਨਮ ਦਿਨ ਦੀਆ ਮੁਬਾਰਕਾ ਦਿੱਤੀਆ। ਪ੍ਰਧਾਨ ਨੇ ਕਿਹਾ ਕਿ ਕੁਲਵੰਤ ਸਿੰਘ ਆਪਣੇ ਫਰਜ ਬਾਖੂਬੀ ਢੰਗ ਨਾਲ ਨਿਭਾਅ ਰਹੇ ਹਨ। ਜਿਨਾ ਉਪਰ ਮੈਨੂੰ ਅਤੇ ਸਾਰੀ ਨਗਰ ਕੌਂਸਲ ਨੂੰ ਮਾਣ ਅਤੇ ਫ਼ਕਰ ਮਹਿਸੂਸ ਹੋ ਰਿਹਾ ਹੈ। ਸੀਨੀਅਰ ਕੌਂਸਲਰ ਕੁਲਵੰਤ ਸਿੰਘ ਨੇ ਸਾਰੇ ਕੌਂਸਲਰਾਂ ਨਾਲ ਖੁਸ਼ੀ ਸਾਂਝੀ ਕਰਦਿਆ ਕਿਹਾ ਕਿ ਮੇਰੀ ਜਿੰਦਗੀ ਦਾ ਮੁੱਖ ਮੰਤਵ ਸਮਾਜ ਸੇਵਾ ਹੀ ਹੈ। ਕੌਂਸਲਰ ਨੇ ਹੋਰ ਕਿਹਾ ਕਿ ਅਸਲ ਵਿਚ ਜ਼ਿੰਦਗੀ ਦੇ ਪਲ ਸਮਾਜ ਸੇਵਾ ਨੂ ਸਮਰਪਿਤ ਹੋ ਕੇ ਲੋਕਾ ਦੇ ਦੁੱਖ ਦਰਦ ਵਿਚ ਸਰੀਕ ਹੋਣਾ ਹੀ ਸਫਲ ਜਿੰਦਗੀ ਹੈ। ਉਨ੍ਹਾ ਸੇਵਾ ਨੂੰ ਸਮਰਪਿਤ ਰਹਿਣ ਦਾ ਹੋਕਾ ਦੇ ਕੇ ਜੀਵਨ ਦੇ ਪਲ ਗਰੀਬ ਅਤੇ ਮਜ਼ਲੂਮ ਲੋਕਾ ਨੂੰ ਅਰਪਣ ਕਰਨ ਦੀ ਲੋੜ ਤੇ ਜੋਰ ਦਿੱਤਾ।

ਹਾਜ਼ਰੀਨ ਕੌਂਸਲਰਾਂ ਨੇ ਕੁਲਵੰਤ ਸਿੰਘ ਦਾ ਮੂੰਹ ਮਿੱਠਾ ਕਰਵਾਇਆ ਅਤੇ ਲੰਬੀ ਉਮਰ ਦੀ ਕਾਮਨਾ ਕੀਤੀ। ਹਲਕਾ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਵੀ ਕੌਸਲਰ ਕੁਲਵੰਤ ਸਿੰਘ ਨੂੰ ਸ਼ੁਭ ਕਾਮਨਾਵਾਂ ਭੇਜਦਿਆਂ ਕਿਹਾ ਕਿ ਧਰਾਤਲ ਨਾਲ ਜੁੜਿਆ ਕੌਂਸਲਰ ਕੁਲਵੰਤ ਸਿੰਘ ਆਮ ਆਦਮੀ ਪਾਰਟੀ ਲਈ ਮਾਰਗ ਦਰਸ਼ਕ ਹੈ ।ਇਸ ਮੌਕੇ ਕੌਂਸਲਰ ਰਣਜੀਤ ਸਿੰਘ, ਕੌਸਲਰ ਰਣਜੀਤ ਸਿੰਘ,ਕੌਸਲਰ ਕਾਕਾ ਬਾਜਵਾ, ਕੌਂਸਲਰ ਪਤੀ ਰਿਕੀ ਬੈਕਟਰ, ਸੀ ਏ ਮਨੋਜ ਕੁਮਾਰ, ਬੌਬੀ ਤਿਵਾੜੀ, ਬਿਨੀ ਮਕੋਲ, ਬੌਬੀ ਕਪਿਲਾ, ਸਤਿੰਦਰ ਪਾਲ ਸਿੰਘ ਰਾੜੇਵਾਲਾ, ਬਬਲੂ ਆਦਿ ਹਾਜਰ ਸਨ।

# ਸਾਵਨ ਕਿਰਪਾਲ ਰੂਹਾਨੀ ਮਿਸ਼ਨ ਵਲੋ ਗੁਉਸਾਲਾ ਵਿਖੇ ਸਤਿਸੰਗ ਦਾ ਆਯੋਜਨ



ਦੋਰਾਹਾ, ,(ਲੋਕ ਬਾਣੀ ) ਇਨਸਾਨੀ ਜੀਵਨ ਵਿੱਚ ਗੁਰੂ ਦਾ ਹੋਣਾ ਅਧਿਆਤਮਕ ਤੌਰ ਤੇ ਜਰੂਰੀ ਹੈ, ਕਿਉਕਿ ਹਰ ਵਰਗ, ਨਸਲ, ਜਾਤ ਦਾ ਵਿਅਕਤੀ ਗੁਰੂ ਤੋ ਬਿਨਾ ਸੋਝੀ ਨਹੀ ਪਾਂ ਸਕਦਾ। ਇਨ੍ਹਾ ਸਬਦਾ ਦਾ ਪ੍ਰਗਟਾਵਾ ਕਰਦਿਆਂ ਮਿਸ਼ਨ ਦੇ ਪ੍ਰਚਾਰਕ ਨਰਿੰਦਰ ਸਰਮਾ ਜੀ ਮੋਗੇ ਵਾਲਿਆ ਨੇ ਗੁਰੂ ਦੀ ਮਹਿਮਾ ਅਤੇ ਗੁਰਬਾਣੀ ਵਿੱਚੋ ਤੁਕਾ ਦੇ ਅਧਾਰਤ ਵਿਆਖਿਆ ਕੀਤੀ। ਸਿੱਖਾ ਦੇ ਤੀਜੇ ਗੁਰੂ ਅਮਰਦਾਸ ਜੀ ਵਲੋ ਉਚਾਰਨ ਕੀਤੀ ਰਬੀ ਬਾਣੀ ਦੁਆਰਾ ਹਾਜ਼ਰੀਨ ਨੂੰ ਨਾਮ ਸਿਮਰਨ ਦੀ ਉਪਮਾ ਨਾਲ ਸਮਝਾਉਣਾ ਕੀਤਾ। ਅੰਧਕਾਰ ਵਿੱਚੋ ਕੱਢਣ ਲਈ ਗੁਰੂ ਦੀ ਸ਼ਮੂਲੀਅਤ ਬੜੀ ਅਹਿਮ ਹੈ, ਜਿਸ ਲਈ ਗੁਰੂ ਧਾਰਨ ਕਰਕੇ ਹੀ ਮੋਕਸ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਉਨ੍ਹਾ ਕਿਹਾ ਕਿ ਸਾਰੇ ਧਰਮਾ ਦੇ ਗ੍ਰੰਥ ਇਹੀ ਉਪਦੇਸ ਦਿੰਦੇ ਹਨ ਕਿ ਗੁਰੂ ਬਿਨਾ ਇਨਸਾਨ, ਸੰਸਾਰੀ ਅਤੇ ਅਧਿਆਤਮਿਕ ਤੌਰ ਤੇ ਸਫਲ ਨਹੀਂ ਹੋ ਸਕਦਾ।

ਇਹ ਇੱਕ ਰੋਜ਼ਾ ਧਾਰਿਮਕ ਸਮਾਗਮ ਸਾਵਨ ਕਿਰਪਾਲ ਰੂਹਾਨੀ ਮਿਸ਼ਨ ਵਲੋ ਰੱਬ ਧਰਮ ਗੁਉਸਾਲਾ ਦੋਰਾਹਾ ਵਿਖੇ ਆਯੋਜਿਤ ਕੀਤਾ ਗਿਆ। ਜਿਸ ਦਾ ਮੁੱਖ ਪ੍ਰਬੰਧ ਸੇਨੇਟਰੀ ਸੁਪਰਡੈਟ ਸ੍ਰੀ ਵਿਸ਼ਨੂੰ ਦੱਤ ਅਤੇ ਉਨ੍ਹਾਂ ਦੇ ਪਰਿਵਾਰ ਵਲੋ ਵਿਸੇਸ ਤੌਰ ਤੇ ਕੀਤਾ ਗਿਆ। ਇਸ ਅਧਿਆਤਮਕ ਸਤਿਸੰਗ ਦਾ ਵਿਸ਼ਾ ਜੀਵਨ ਵਿੱਚ ਗੁਰੂ ਦਾ ਮਹੱਤਵ' ਰਿਹਾ, ਜਿਸ ਦਾ ਹਾਜ਼ਰੀਨ ਨੇ ਭਰਪੂਰ ਅਨੰਦ ਲਿਆ। ਸ਼ਹਿਰ ਦੀਆ ਮੁਅਜੱਜ ਸਖਸੀਅਤਾਂ ਨੇ ਅਧਿਆਤਮਕ ਵਿਸ਼ੇ ਤੇ ਹੋਣ ਵਾਲੇ ਸਤਿਸੰਗ ਵਿੱਚ ਸ਼ਾਮਿਲ ਹੋਣ ਦਾ ਹਾਰਦਿਕ ਸੱਦੇ ਤੇ ਸ਼ਮੂਲੀਅਤ ਕੀਤੀ। ਸਰਵ ਧਰਮ ਗਊਸ਼ਾਲਾ, ਦੋਰਾਹਾ ਦੀ ਮਨੇਜਮੈਂਟ ਦਾ ਭਰਵਾਂ ਸਹਿਯੋਗ ਰਿਹਾ। ਇਸ ਮੌਕੇ ਮਿਸ਼ਨ ਵਲੋ ਲੋਕਾ ਨੂੰ ਅਧਿਆਤਮਕ ਵਾਦ ਨਾਲ ਜੋੜਨ ਲਈ ਫਰੀ ਕਿਤਾਬਾ ਦੀ ਸਟਾਲ ਵੀ ਲਾਈ ਗਈ ਸਤਸੰਗ ਕਰਨ ਆਏ ਸਤਸੰਗੀਆ ਲਈ ਰਿਫਰੈਸ਼ਮੈਂਟ ਦਾ ਵਿਸੇਸ ਪ੍ਰਬੰਧ ਕੀਤਾ ਗਿਆ। ਇਸ ਮੌਕੇ ਸਾਬਕਾ ਪ੍ਰਧਾਨ ਇੰਦਰਜੀਤ ਸਿੰਘ ਕਾਲਾ, ਹਰਮੇਸ਼ ਮੇਸ਼ੀ, ਸੀ ਏ ਮਨੋਜ ਕੁਮਾਰ, ਬਿਨੀ ਮਕੋਲ, ਖਾਲਸਾ, ਉਮ ਪ੍ਰਕਾਸ ਸੂਦ ਆਦਿ ਹਾਜਰ ਸਨ।

DIPS INSTITUTIONS
CHAIN OF DIPS INSTITUTIONS
KNOWLEDGE IS POWER
DIPS ITM
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998